Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 313, 25 ਜੁਲਾਈ ਤੋਂ 31 ਜੁਲਾਈ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਵਿਦੇਸ਼ਾਂ ’ਚ ਨੌਕਰੀਆਂ ਦਾ ਝੂਠਾ ਵਾਅਦਾ ਕਰਕੇ ਹੁੰਦੀ ਸੀ ਠੱਗੀ

## ਕਾਲਪਨਿਕ ਦੇਸ਼ਾਂ ਵਾਲੀ ਫਰਜ਼ੀ ਅੰਬੈਸੀ ਚਲਾਉਣ ਵਾਲਾ ਸ਼ਖ਼ਸ ਕਿਵੇਂ ਫੜਿਆ ਗਿਆ



ਉੱਤਰ ਪ੍ਰਦੇਸ਼ ਐਸਟੀਐਫ ਦੀ ਨੋਇਡਾ ਯੂਨਿਟ ਨੇ ਲੰਘੇ ਮੰਗਲਵਾਰ, 22 ਜੁਲਾਈ ਨੂੰ ਗਾਜ਼ਿਆਬਾਦ ਵਿੱਚ ਇੱਕ ਵਿਅਕਤੀ ਨੂੰ ਜਾਅਲੀ ਅੰਬੈਸੀ ਚਲਾਉਣ ਦੇ ਇਲਜ਼ਾਮ ਤਹਿਤ ਗ੍ਰਿਫ਼ਤਾਰ ਕੀਤਾ ਹੈ। ਇਲਜ਼ਾਮ ਹਨ ਕਿ ਮੁਲਜ਼ਮ ਆਪਣੇ ਆਪ ਨੂੰ ਵੈਸਟਆਰਕਟਿਕਾ, ਸਬੋਰਗਾ, ਪੌਲਵੀਆ ਅਤੇ ਲੋਡੋਨੀਆ ਵਰਗੇ ਤਥਾ ਕਥਿਤ ਦੇਸ਼ਾਂ ਦਾ ਰਾਜਦੂਤ ਦੱਸ ਕੇ ਲੋਕਾਂ ਨਾਲ ਸੰਪਰਕ ਕਰਦਾ ਸੀ। ਐਸਟੀਐਫ ਦੇ ਐਸਐਸਪੀ ਸੁਸ਼ੀਲ ਘੁਲੇ ਦੇ ਅਨੁਸਾਰ, ÷ਉਹ ਆਪਣੇ ਆਪ ਨੂੰ ਵੈਸਟਆਰਕਟਿਕਾ, ਸਬੋਰਗਾ, ਪੌਲਵੀਆ, ਲੋਡੋਨੀਆ ਅਤੇ ਕੁਝ ’ਦੇਸ਼ਾਂ’ ਦੇ ਰਾਜਦੂਤ ਵਜੋਂ ਪੇਸ਼ ਕਰਕੇ, ਲੋਕਾਂ ਨਾਲ ਸੰਪਰਕ ਕਰਦਾ ਸੀ। ਉਸ ਕੋਲੋਂ ਬਹੁਤ ਸਾਰੀਆਂ ਇਤਰਾਜ਼ਯੋਗ ਸਮੱਗਰੀਆਂ ਬਰਾਮਦ ਕੀਤੀਆਂ ਗਈਆਂ ਹਨ।÷ ÷ਬਰਾਮਦ ਕੀਤੀਆਂ ਗਈਆਂ ਗੱਡੀਆਂ ’ਤੇ ਡਿਪਲੋਮੈਟਿਕ ਸਟਾਈਲ ’ਚ ਫਰਜ਼ੀ ਨੰਬਰ ਪਲੇਟਾਂ ਲੱਗੀਆਂ ਹੋਈਆਂ ਸਨ, ਜਿਨ੍ਹਾਂ ਨੂੰ ਕਿਸੇ ਅਧਿਕਾਰਤ ਏਜੰਸੀ ਤੋਂ ਮਨਜ਼ੂਰੀ ਨਹੀਂ ਮਿਲੀ ਸੀ।÷ ਪੁਲਿਸ ਦਾ ਕਹਿਣਾ ਹੈ ਕਿ ਹਰਸ਼ਵਰਧਨ ਜੈਨ ਨਾਮ ਦੇ ਇਸ ਵਿਅਕਤੀ ਨੇ ਗਾਜ਼ੀਆਬਾਦ ਦੇ ਕਵੀ ਨਗਰ ਖੇਤਰ ਵਿੱਚ ਇੱਕ ਕਿਰਾਏ ਦਾ ਘਰ ਲਿਆ ਸੀ, ਜਿੱਥੋਂ ਉਹ ਕਥਿਤ ਤੌਰ ’ਤੇ ਜਾਅਲੀ ਦੂਤਾਵਾਸ ਚਲਾ ਰਿਹਾ ਸੀ।

### ’ਕਈ ਮੋਹਰਾਂ, ਫਰਜ਼ੀ ਪੈਨ ਕਾਰਡ ਅਤੇ ਜਾਅਲੀ ਫੋਟੋਆਂ ਬਰਾਮਦ’

ਐਸਐਸਪੀ ਸੁਸ਼ੀਲ ਘੁਲੇ ਨੇ ਦੱਸਿਆ, ÷ਮੁਲਜ਼ਮ ਗਾਜ਼ੀਆਬਾਦ ਦੇ ਕਵੀ ਨਗਰ ਦਾ ਵਸਨੀਕ ਹੈ। ਇੱਥੇ ਕਿਰਾਏ ਦੇ ਘਰ ਵਿੱਚ ਕਥਿਤ ਤੌਰ ’ਤੇ ਇੱਕ ਗੈਰ-ਕਾਨੂੰਨੀ ਦੂਤਾਵਾਸ ਚਲਾ ਰਿਹਾ ਸੀ।÷ ਉਨ੍ਹਾਂ ਅੱਗੇ ਕਿਹਾ, ÷ਉਹ ਲੋਕਾਂ ਨੂੰ ਪ੍ਰਭਾਵਿਤ ਕਰਨ, ਉਨ੍ਹਾਂ ਨਾਲ ਠੱਗੀ ਦੇ ਇਰਾਦੇ ਨਾਲ ਮੋਰਫਡ ਤਸਵੀਰਾਂ ਦੀ ਵਰਤੋਂ ਕਰਦਾ ਸੀ। ਇਨ੍ਹਾਂ ਵਿੱਚ ਉਹ ਆਪਣੇ ਆਪ ਨੂੰ ਕਈ ਵੱਡੇ ਲੋਕਾਂ ਨਾਲ ਦਿਖਾਉਂਦਾ ਸੀ।÷

ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਉਹ ਵਿਦੇਸ਼ਾਂ ਵਿੱਚ ਨੌਕਰੀਆਂ ਦਾ ਝੂਠਾ ਵਾਅਦਾ ਕਰਕੇ ਅਤੇ ਸ਼ੈਲ ਕੰਪਨੀਆਂ ਰਾਹੀਂ ਹਵਾਲਾ ਰੈਕੇਟ ਚਲਾ ਕੇ ਲੋਕਾਂ ਨਾਲ ਠੱਗੀ ਕਰਦਾ ਸੀ।

ਪੁਲਿਸ ਦੇ ਅਨੁਸਾਰ, ਗ੍ਰਿਫਤਾਰੀ ਦੌਰਾਨ ਐਸਟੀਐਫ ਨੇ ਮੁਲਜ਼ਮ ਕੋਲੋਂ ਸ਼ੱਕੀ ਅਤੇ ਫਰਜ਼ੀ ਸਮੱਗਰੀ ਬਰਾਮਦ ਕੀਤੀ ਹੈ। ਇਨ੍ਹਾਂ ਵਿੱਚ ਸ਼ਾਮਲ ਹਨ:

ਚਾਰ ਗੱਡੀਆਂ, ਜਿਨ੍ਹਾਂ ’ਤੇ ਡਿਪਲੋਮੈਟਿਕ ਸਟਾਈਲ ਦੀਆਂ ਜਾਅਲੀ ਨੰਬਰ ਪਲੇਟਾਂ ਲੱਗੀਆਂ ਸਨ
12 ਵੱਖ-ਵੱਖ ਗੈਰ-ਕਾਨੂੰਨੀ ਪਾਸਪੋਰਟ
ਦੋ ਜਾਅਲੀ ਪੈਨ ਕਾਰਡ
34 ਵੱਖ-ਵੱਖ ਦੇਸ਼ਾਂ ਅਤੇ ਕੰਪਨੀਆਂ ਦੀਆਂ ਜਾਅਲੀ ਮੋਹਰਾਂ
ਦੋ ਪ੍ਰੈਸ ਕਾਰਡ
44 ਲੱਖ 70 ਹਜ਼ਾਰ ਰੁਪਏ ਨਕਦੀ
ਕਈ ਦੇਸ਼ਾਂ ਦੀ ਕਰੰਸੀ
18 ਵਾਧੂ ਜਾਅਲੀ ਨੰਬਰ ਪਲੇਟਾਂ
ਕੰਪਨੀਆਂ ਨਾਲ ਸਬੰਧਤ ਦਸਤਾਵੇਜ਼

### ਪਹਿਲਾਂ ਵੀ ਹੋ ਚੁੱਕੀ ਹੈ ਗ੍ਰਿਫ਼ਤਾਰੀ

ਪੁਲਿਸ ਰਿਕਾਰਡ ਅਨੁਸਾਰ, ਹਰਸ਼ਵਰਧਨ ਨੂੰ ਸਾਲ 2011 ਵਿੱਚ ਵੀ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਐਸਐਸਪੀ ਸੁਸ਼ੀਲ ਘੁਲੇ ਨੇ ਕਿਹਾ, ÷ਉਸ ਸਮੇਂ ਉਸ ਕੋਲੋਂ ਇੱਕ ਸੈਟੇਲਾਈਟ ਫ਼ੋਨ ਬਰਾਮਦ ਹੋਇਆ ਸੀ ਅਤੇ ਉਸ ਵਿਰੁੱਧ ਕਵੀ ਨਗਰ ਪੁਲਿਸ ਸਟੇਸ਼ਨ ਵਿੱਚ ਕੇਸ ਦਰਜ ਕੀਤਾ ਗਿਆ ਸੀ।÷

ਹੁਣ ਗਾਜ਼ੀਆਬਾਦ ਪੁਲਿਸ ਨੇ ਮੁਲਜ਼ਮ ਖ਼ ?ਲਾਫ਼ ਕੇਸ ਦਰਜ ਕਰ ਲਿਆ ਹੈ। ਉਸ ਖ਼ ?ਲਾਫ਼ ਗ਼ੈਰ-ਕਾਨੂੰਨੀ ਗਤੀਵਿਧੀਆਂ, ਜਾਅਲੀ ਦਸਤਾਵੇਜ਼ ਰੱਖਣ ਅਤੇ ਬਣਾਉਣ ਅਤੇ ਧੋਖਾਧੜੀ ਤਹਿਤ ਵੱਖ-ਵੱਖ ਧਾਰਾਵਾਂ ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਵੈਸਟਆਰਕਟਿਕਾ ਕੀ ਹੈ ?

ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ, ਵੈਸਟਆਰਕਟਿਕਾ ਵੀ ਸੁਰਖੀਆਂ ਵਿੱਚ ਹੈ। ਮੁਲਜ਼ਮ ਹਰਸ਼ਵਰਧਨ ਆਪਣੇ ਆਪ ਨੂੰ ਜਿਨ੍ਹਾਂ ਦੇਸ਼ਾਂ ਦਾ ਰਾਜਦੂਤ ਬਣਾ ਕੇ ਪੇਸ਼ ਕਰਦਾ ਸੀ, ਉਨ੍ਹਾਂ ਵਿੱਚੋਂ ਇੱਕ ਨਾਮ ਸੀ - ਵੈਸਟਆਰਕਟਿਕਾ। ਪਹਿਲੀ ਵਾਰ ਸੁਣਨ ’ਤੇ, ਇਹ ਇੱਕ ਛੋਟਾ ਜਾਂ ਦੂਰ-ਦੁਰਾਡੇ ਦਾ ਦੇਸ਼ ਲੱਗਦਾ ਹੈ, ਪਰ ਵੈਸਟਆਰਕਟਿਕਾ ਅਸਲ ਵਿੱਚ ਇੱਕ ਕਾਲਪਨਿਕ ਦੇਸ਼ ਹੈ, ਜਿਸਨੂੰ ਸਾਲ 2001 ਵਿੱਚ ਇੱਕ ਸਾਬਕਾ ਅਮਰੀਕੀ ਜਲ ਸੈਨਾ ਅਧਿਕਾਰੀ ਟ ?ਰੈਵਿਸ ਮੈਕਹੈਨਰੀ ਨੇ ਬਣਾਇਆ ਸੀ। ਇਸਦੀ ਆਪਣੀ ਵੈੱਬਸਾਈਟ, ਝੰਡਾ, ਪ੍ਰਤੀਕ ਅਤੇ ਇੱਕ ਕਰੰਸੀ ਵੀ ਮੌਜੂਦ ਹੈ। ਇਹ ਖੁਦ ਨੂੰ ਅੰਟਾਰਕਟਿਕਾ ਦੇ ਉਸ ਬਰਫੀਲੇ ਹਿੱਸੇ ਦਾ ਨੁਮਾਇੰਦਾ ਕਹਿੰਦਾ ਹੈ, ਜਿਸ ’ਤੇ ਕਿਸੇ ਵੀ ਦੇਸ਼ ਦਾ ਰਸਮੀ ਦਾਅਵਾ ਨਹੀਂ ਹੈ। ਵੈਸਟਆਰਕਟਿਕਾ ਦੀ ਵੈੱਬਸਾਈਟ ਅਨੁਸਾਰ, ਇਹ ਇੱਕ ਗੈਰ-ਮੁਨਾਫ਼ਾ ਸੰਗਠਨ ਹੈ ਜਿਸਦਾ ਉਦੇਸ਼ ਵਾਤਾਵਰਣ ਸੁਰੱਖਿਆ ਅਤੇ ਜਲਵਾਯੂ ਪਰਿਵਰਤਨ ਬਾਰੇ ਜਾਗਰੂਕਤਾ ਫੈਲਾਉਣਾ ਹੈ। ਇਸ ਵਿੱਚ ’ਰਾਜਦੂਤ’ ਵਰਗੇ ਅਹੁਦੇ, ’ਨਾਗਰਿਕਤਾ’ ਅਤੇ ’ਸਨਮਾਨਤ ਉਪਾਧੀਆਂ’ ਵੀ ਦਿੱਤੀਆਂ ਜਾਂਦੀਆਂ ਹਨ। ਹਾਲਾਂਕਿ, ਦੁਨੀਆਂ ਦੇ ਕਿਸੇ ਵੀ ਦੇਸ਼ ਜਾਂ ਸੰਯੁਕਤ ਰਾਸ਼ਟਰ ਨੇ ਇਸਨੂੰ ਕਦੇ ਵੀ ਇੱਕ ਅਸਲੀ ਦੇਸ਼ ਵਜੋਂ ਮਾਨਤਾ ਨਹੀਂ ਦਿੱਤੀ ਹੈ। ਵੈਸਟਆਰਕਟਿਕਾ ਦੀ ਵੈੱਬਸਾਈਟ ਮੁਤਾਬਕ, ਇਸ ’ਦੇਸ਼’ ਦੀ ਸਰਕਾਰ ਦੀ ਅਗਵਾਈ ਗ੍ਰੈਂਡ ਡਿਊਕ ਟ ?ਰੈਵਿਸ ਕਰਦੇ ਹਨ, ਜਿਨ੍ਹਾਂ ਦੀ ਮਦਦ ਲਈ ਇੱਕ ਪ੍ਰਧਾਨ ਮੰਤਰੀ ਅਤੇ ’ਰਾਇਲ ਕੌਂਸਲ’ ਬਣਾਈ ਗਈ ਹੈ। ਇਸ ਤੋਂ ਇਲਾਵਾ, ’ਗ੍ਰੈਂਡ ਡਯੂਕਲ ਕੋਰਟ’ ਨਾਮਕ ਇੱਕ ਸੰਸਥਾ ਵੀ ਹੈ ਜੋ ਵੈਸਟਆਰਕਟਿਕਾ ਦੁਆਰਾ ਬਣਾਏ ਗਏ ਕਾਨੂੰਨਾਂ ਦੀ ਵਿਆਖਿਆ ਕਰਨ ਦਾ ਕੰਮ ਕਰਦੀ ਹੈ। ਵੈੱਬਸਾਈਟ ’ਤੇ ਦੱਸਿਆ ਗਿਆ ਹੈ ਕਿ ਇਨ੍ਹਾਂ ਦੇ ’ਪੀਅਰਸ’ ਯਾਨੀ ਮੈਂਬਰ ਉਹ ਲੋਕ ਹਨ ਜੋ ਸੰਸਥਾ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਆਪਣੀ ਜਾਣਕਾਰੀ, ਸਮਾਂ ਅਤੇ ਹੁਨਰ ਨਾਲ ਯੋਗਦਾਨ ਪਾਉਂਦੇ ਹਨ। ਪਰ, ਇਹ ਸਭ ਇੱਕ ਡਿਜੀਟਲ ਅਤੇ ਪ੍ਰਤੀਕਾਤਮਕ ਢਾਂਚੇ ਤੱਕ ਸੀਮਤ ਹੈ, ਜਿਸਦੀ ਅਸਲ ਦੁਨੀਆਂ ਵਿੱਚ ਕੋਈ ਕਾਨੂੰਨੀ ਜਾਂ ਕੂਟਨੀਤਕ ਮਾਨਤਾ ਨਹੀਂ ਹੈ। ਹਾਲਾਂਕਿ, ਵੈਸਟਆਰਕਟਿਕਾ ਦਾ ਮੁਲਜ਼ਮ ਹਰਸ਼ਵਰਧਨ ਨਾਲ ਕੋਈ ਸਬੰਧ ਹੈ, ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਹੈ।



# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 313 | Website: www.preetnama.com Email preetnamausa@gmail.com | 25 JULY TO 31 JULY ,2025


## ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ ॥

# ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕੱਸਵਿਲ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ

ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕੱਸਵਿਲ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ ਜਿਸ ਵਿੱਚ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਜਿਹਨਾਂ ਦੀਆਂ ਸੇਵਾਵਾਂ ਗੁਰੂ ਘਰ ਦੇ ਸ਼ਰਧਾਲੂ ਸ੍ ?ਰਵਿੰਦਰ ਸਿੰਘ ਬੀਬੀ ਪਰਮਜੀਤ ਕੌਰ ਸਮੂਹ ਨੰਦਾ ਪਰਿਵਾਰ ਵੱਲੋਂ ਕੀਤੀ ਗਈ ।ਸ੍ਰੀ ਅਖੰਡ ਪਾਠ ਜੀ ਦੇ ਭੋਗ ਤੋ ਉਪਰੰਤ ਸ੍ ? ਹਰਚਰਨ ਸਿੰਘ ਗੁਲਾਟੀ ਨੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸੰਗਤਾਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਵਧਾਈ ਦਿੰਦਿਆਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੀਵਨ ਤੇ ਵਿਚਾਰ ਸਾਂਝੇ ਕੀਤੇ ਉਪ੍ਰੰਤ ਨਾਮਾਵਰ ਕੀਰਤਨੀਏ ਹਜ਼ੂਰੀ ਰਾਗੀ ਸ੍ਰੀ ਦਰਬਾਰ ਭਾਈ ਗੁਰਵਿੰਦਰ ਸਿੰਘ ਬਾਵਾ ਜੀ, ਬਾਬਾ ਹਰਜੀਤ ਸਿੰਘ ਮਹਿਤਾ ਚੌਕ ਨੇ ਅਨੰਦ ਮਈ ਕੀਰਤਨ ਕੀਤਾ ਅਤੇ ਗਿਆਨੀ ਲਖਵਿੰਦਰ ਸਿੰਘ ਖਾਲਸਾ,ਭਾਈ ਚਮਨ ਸਿੰਘ ਦਿੱਲੀ ਬਾਲੇ ਨੇ ਗੁਰਮਤਿ ਵਿਚਾਰਾਂ ਅਤੇ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਰੇ ਸਾਖੀਆਂ ਰਾਹੀਂ ਜਾਣਕਾਰੀ ਸਾਂਝੀ ਕੀਤੀ ਉਪ੍ਰੰਤ ਭਾਈ ਅਜੀਤ ਸਿੰਘ ਜੀ ਨੇ ਅਰਦਾਸ ਤੇ ਹੁਕਮਨਾਮੇ ਦੀ ਸੇਵਾ ਕੀਤੀ ਨੰਦਾ ਪਰਿਵਾਰ ਵੱਲੋਂ ਲੰਗਰਾਂ ਦੀਆਂ ਸੇਵਾਵਾਂ ਅਤੁੱਟ ਨਿਭਾਇਆ ਗਈਆਂ ਪ੍ਰਬੰਧਕਾਂ ਵੱਲੋਂ ਸਿਰੋਪਾ ਰਾਹੀਂ ਨੰਦਾ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ















# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 313

Website: www.preetnama.com Email preetnamausa@gmail.com

25 JULY TO 31 JULY ,2025




# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 313 | Website: www.preetnama.com Email preetnamausa@gmail.com | 25 JULY TO 31 JULY ,2025


# ਗੁਰਦੁਆਰਾ ਸਿੱਖ ਕਲਚਰ ਸੋਸਾਇਟੀ ਨਿਊਯਾਰਕ ਵੱਲੋਂ ਅਹਿਮ ਫੈਸਲਿਆਂ ਦਾ ਐਲਾਨ

## ਗੁਰਦੁਆਰਾ ਸਿੱਖ ਕਲਚਰ ਸੋਸਾਇਟੀ ਨਿਊਯਾਰਕ ਦੀ ਮੈਂਬਰਸ਼ਿਪ ਖੋਲ੍ਹੀ ਗਈ, ਅਗਲੇ ਦਿਨਾਂ ਵਿਚ ਕੁਝ ਹੋਰ ਨਵੇਂ ਫੈਸਲਿਆਂ ਦੀ ਵੀ ਕੀਤਾ ਜਾਵੇਗਾ ਐਲਾਨ





ਮੀਡੀਆ ਨੂੰ ਇਸ ਸਾਰੀ ਸੂਚਨਾ ਗੁਰਦੁਆਰਾ ਸਿੱਖ ਕਲਚਰ ਸੋਸਾਇਟੀ ਦੇ ਪੀ.ਆਰ.ਓ ਬਲਵਿੰਦਰ ਸਿੰਘ ਗੁਰਦਾਸਪੁਰ ਦੁਆਰਾ ਦਿੱਤੀ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਡੇ ਵੱਲੋਂ ਭੇਜੀ ਗਈ ਖ਼ਬਰ ਨੂੰ ਹੀ ਸਹੀ ਮੰਨਿਆ ਜਾਵੇ

ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਨਿਊਯਾਰਕ ਵਿੱਚ ਅੱਜ ਮਿਤੀ 20 ਜੁਲਾਈ ,2025 ਨੂੰ ਮੈਨੇਜਮੈਂਟ ਦੀ ਇੱਕ ਅਹਿਮ ਮੀਟਿੰਗ ਹੋਈ। ਜਿਸ ਵਿੱਚ ਐਗਜੀਕਿਊਟਿਵ ਮੈਨੇਜਮੈਂਟ ਤੇ ਬੋਰਡ ਆਫ ਟਰਸਟ ਮੈਨੇਜਮੈਂਟ ਦੋਨੋ ਹੀ ਮੈਨੇਜਮੈਂਟ ਸ਼ਾਮਿਲ ਅਤੇ ਇਸ ਮੀਟਿੰਗ ਵਿੱਚ ਇਲੈਕਸ਼ਨ ਕਮੇਟੀ ਦੇ ਤਿੰਨੋ ਕਮਿਸ਼ਨਰ ਵੀ ਮੌਜੂਦ ਸਨ ਮੀਟਿੰਗ ਗੁਰੂ ਘਰ ਦੇ ਚੇਅਰਮੈਨ ਬਾਬੂ ਜੋਗਿੰਦਰ ਸਿੰਘ ਤੇ ਪ੍ਰਧਾਨ ਦਵਿੰਦਰ ਬੋਪਾਰਾਏ ਦੀ ਪ੍ਰਧਾਨਗੀ ਵਿੱਚ ਕੀਤੀ ਗਈਜਿਸ ਵਿੱਚ ਹੇਠ ਲਿਖੇ ਮੁੱਦਿਆਂ ਨੂੰ ਬਹੁਮਤ ਦੇ ਨਾਲ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ੍

**1- ਪਹਿਲਾਂ ਮਤਾ** ਚੁਪਹਿਰਾ ਸਾਹਿਬ ਦੀ ਬਾਣੀ ਦਾ ਪਾਠਜੋ ਕਿ ਹਰ ਐਤਵਾਰ ਨੂੰ੍ ਟਾਈਮ੍ਸ਼ਾਮ 2 ਵਜੇ ਹੁੰਦੀ ਸੀ੍ ਮੀਟਿੰਗ ਵਿੱਚ ਪਾਸ ਕੀਤਾ ਗਿਆ ਕਿ ਚੁਪਹਿਰਾ ਸਾਹਿਬ ਹੋਣ ਸ਼ਾਮ 3 ਵਜੇਨੂੰ ਕੀਤਾ ਜਾਇਆ ਕਰੇਗਾ

**2- ਦੂਜਾ ਮਤਾ**
ਗੁਰੂ ਘਰ ਦੀ ਮੌਜੂਦਾ ਬਿਲਡਿੰਗ ਚ ਜਿਹੜਾ ਵੀ ਰਿਪੇਅਰ ਹੋਣ ਵਾਲਾ ਕੰਮ ਹੈ ਉਸ ਨੂੰ ਜਲਦ ਤੋਂ ਜਲਦ ਕੀਤਾ ਜਾਵੇ੍

**3- ਤੀਜਾ ਮਤਾ** ਗੁਰਦੁਆਰਾ ਸਾਹਿਬ ਜੋ ਪਾਰਕਿੰਗ ਲੋਟ 97th ave ਦੇ ਨਾਲ ਲੱਗਦਾ ਘਰ ਖਰੀਦਿਆ ਜਾਵੇ ਉਸ ਲਈ ਪਰਸਨਲ ਲੋਨ ਜਾਂ ਬੈਂਕ ਲੋਨ ਲਿਆ ਜਾਵੇ ਹਰ ਤਰੀਕੇ ਦੁਆਰਾ ਲਿਆ ਗਿਆ ਪਰਸਨਲ ਲੋਨ ਸੰਗਤ ਨੂੰ ਵਾਪਸ ਕੀਤਾ ਜਾਵੇਗਾ।

**4- ਚੌਥਾ ਮਤਾ** ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਦੀ ਮੈਂਬਰਸ਼ਿਪ ਜਿਹੜੀ ਕਿ ਹਰ ਦੋ ਸਾਲ ਬਾਅਦ ਇਲੈਕਸ਼ਨ ਕਰਵਾਉਣ ਲਈ ਖੋਲੀ ਜਾਂਦੀ ਹੈ ਉਸ ਨੂੰ 1ਸਤੰਬਰ 2025 ਤੋਂ ਖੋਲ ਦਿੱਤਾ ਜਾਵੇਗਾ ਇਸ ਗੁਰੂ ਘਰ ਦੀ ਮੈਂਬਰਸ਼ਿਪ ਸਿਰਫ ਉਹੀ ਸੰਗਤ ਲੈ ਸਕਦੀ ਹੈ ਜੋ ਕਿ ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਦੀ ਰੈਗੂਲਰ ਸੰਗਤ ਹੋਵੇਗੀ ਸੰਗਤ ਜੀ ਇਲੈਕਸ਼ਨ ਫਾਰਮ ਲੈਣ ਲਈ ਗੁਰੂ ਘਰ ਦੇ ਕਮਿਸ਼ਨਰ ਹਰਬੰਸ ਸਿੰਘ ਢਿੱਲੋ ph#9175151721 , ਬਾਬੂ ਹਰਿੰਦਰ ਸਿੰਘ ਜੀph#9174685763, ਦੀਦਾਰ ਸਿੰਘ ਚੀਮਾ ph# 5167293868 ਨਾਲ ਉਪਰ ਦਿੱਤੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟਰੰਪ ਨੇ ਤੇਲ, ਟੈਰਿਫ ਅਤੇ ਸਮਾਜਿਕ ਨੀਤੀ 'ਤੇ ਮੰਗਾਂ ਦਾ ਵਿਸਤਾਰ ਕੀਤਾ ਹੈ

## ਅਮਰੀਕਾ-ਕੈਨੇਡਾ ਵਪਾਰਕ ਗੱਲਬਾਤ ਮੁੜ ਹੋਈ ਸ਼ੁਰੂ



ਓਟਾਵਾ : ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਵਪਾਰਕ ਗੱਲਬਾਤ ਮੁੜ ਸ਼ੁਰੂ ਹੋਈ ਹੈ ਜਦੋਂ ਕਿ ਨਵੇਂ ਧਮਕੀਆਂ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਮੰਗਾਂ ਦੀ ਲਗਾਤਾਰ ਵਧਦੀ ਸੂਚੀ ਦੇ ਵਿਚਕਾਰ।ਸਵੈ-ਲਾਗੂ ਕੀਤੀ ਗਈ ਸਮਾਂ ਸੀਮਾ ਤੋਂ ਕੁਝ ਹਫ਼ਤੇ ਪਹਿਲਾਂ, ਦੋਵੇਂ ਧਿਰਾਂ ਸਾਂਝੇ ਆਧਾਰ 'ਤੇ ਪਹੁੰਚਣ ਲਈ ਸੰਘਰਸ਼ ਕਰ ਰਹੀਆਂ ਹਨ, ਭਾਵੇਂ ਟਰੰਪ ਊਰਜਾ ਨੀਤੀ ਤੋਂ ਲੈ ਕੇ ਸਮਾਜਿਕ ਨਿਯਮਾਂ ਤੱਕ ਦੇ ਨਵੇਂ ਮੁੱਦੇ ਉਠਾਉਂਦੇ ਹਨ।ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਹਫ਼ਤੇ ਸਵੀਕਾਰ ਕੀਤਾ ਕਿ ਟੈਰਿਫ ਸੰਭਾਵਤ ਤੌਰ 'ਤੇ ਅਮਰੀਕਾ ਨਾਲ ਕਿਸੇ ਵੀ ਭਵਿੱਖੀ ਸਮਝੌਤੇ ਦਾ ਹਿੱਸਾ ਹੋਣਗੇ। ÷ਇਸ ਗੱਲ ਦੇ ਬਹੁਤੇ ਸਬੂਤ ਨਹੀਂ ਹਨ ਕਿ ਸੌਦੇ ਉਨ੍ਹਾਂ ਤੋਂ ਬਿਨਾਂ ਕੀਤੇ ਜਾ ਰਹੇ ਹਨ,÷ ਕਾਰਨੀ ਨੇ ਕਿਹਾ, ਆਉਣ ਵਾਲੇ ਹਫ਼ਤਿਆਂ ਵਿੱਚ ਹੋਰ ਤੀਬਰ ਗੱਲਬਾਤ ਦੀ ਉਮੀਦ ਕਰਦੇ ਹੋਏ।ਕੈਨੇਡੀਅਨ ਅਧਿਕਾਰੀ ਖਾਸ ਤੌਰ 'ਤੇ ਸਟੀਲ ਅਤੇ ਐਲੂਮੀਨੀਅਮ ਨਿਰਯਾਤ 'ਤੇ ਟਰੰਪ ਦੇ ਟੈਰਿਫ ਨੂੰ ਉਲਟਾਉਣ 'ਤੇ ਕੇਂਦ੍ਰਿਤ ਹਨ, ਜਦੋਂ ਕਿ "SMCA ਵਪਾਰ ਸਮਝੌਤੇ ਦੇ ਤਹਿਤ ਮੌਜੂਦਾ ਛੋਟਾਂ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ।ਇਸ ਸਾਲ ਦੇ ਸ਼ੁਰੂ ਵਿੱਚ ਪ੍ਰਗਤੀ ਦੀ ਇੱਕ ਛੋਟੀ ਮਿਆਦ ਤੋਂ ਬਾਅਦ - ਜਿਸ ਵਿੱਚ ਕਾਰਨੀ ਨੇ ਕੈਨੇਡਾ ਦੇ ਡਿਜੀਟਲ ਸੇਵਾਵਾਂ ਟੈਕਸ ਨੂੰ ਛੱਡਣਾ ਅਤੇ ਰੱਖਿਆ ਖਰਚ ਵਧਾਉਣ ਦਾ ਵਾਅਦਾ ਕਰਨਾ ਸ਼ਾਮਲ ਸੀ - ਟਰੰਪ ਨੇ ਉਦੋਂ ਤੋਂ ਤਣਾਅ ਵਧਾ ਦਿੱਤਾ ਹੈ।ਪਿਛਲੇ ਹਫ਼ਤੇ ਇੱਕ ਜਨਤਕ ਪੱਤਰ ਵਿੱਚ, ਉਸਨੇ 1 ਅਗਸਤ ਤੋਂ ਕੈਨੇਡੀਅਨ ਸਮਾਨ 'ਤੇ 35 ਪ੍ਰਤੀਸ਼ਤ ਟੈਰਿਫ ਲਗਾਉਣ ਦੀ ਧਮਕੀ ਦਿੱਤੀ, ਜਿਸ ਵਿੱਚ ਕੈਨੇਡਾ ਦੇ ਵਪਾਰ ਘਾਟੇ ਤੋਂ ਲੈ ਕੇ ਡੇਅਰੀ ਨਿਯਮਾਂ ਅਤੇ ਫੈਂਟਾਨਿਲ ਚਿੰਤਾਵਾਂ ਤੱਕ ਸਭ ਕੁਝ ਸ਼ਾਮਲ ਸੀ। ਪਿਛਲੀਆਂ ਧਮਕੀਆਂ ਦੇ ਉਲਟ, ਇਸ ਵਾਰ ਟਰੰਪ ਨੇ ਜੁਰਮਾਨਿਆਂ ਤੋਂ ਬਚਣ ਲਈ ਕੈਨੇਡਾ ਲਈ ਕੋਈ ਸਪੱਸ਼ਟ ਰੋਡਮੈਪ ਨਹੀਂ ਦਿੱਤਾ। ਵਪਾਰ ਮਾਹਰਾਂ ਦੇ ਅਨੁਸਾਰ, ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ (IEEPA) ਦੇ ਤਹਿਤ ਟਰੰਪ ਦੁਆਰਾ ਐਮਰਜੈਂਸੀ ਟੈਰਿਫ ਸ਼ਕਤੀਆਂ ਦੀ ਹਮਲਾਵਰ ਵਰਤੋਂ ਵਧਦੀ ਕਾਨੂੰਨੀ ਜਾਂਚ ਦੇ ਅਧੀਨ ਹੈ, ਅਦਾਲਤੀ ਸੁਣਵਾਈ 31 ਜੁਲਾਈ ਤੋਂ ਸ਼ੁਰੂ ਹੋਣ ਵਾਲੀ ਹੈ। ਉਸਦੇ ਨਵੀਨਤਮ ਅਲਟੀਮੇਟਮ ਦਾ ਸਮਾਂ ਗਿਣਿਆ ਜਾਪਦਾ ਹੈ, ਕੁਝ ਵਿਸ਼ਲੇਸ਼ਕਾਂ ਦਾ ਸੁਝਾਅ ਹੈ ਕਿ ਇਹ ਸੰਭਾਵੀ ਅਦਾਲਤੀ ਫੈਸਲਿਆਂ ਦੁਆਰਾ ਇਹਨਾਂ ਸ਼ਕਤੀਆਂ ਨੂੰ ਖੋਹਣ ਤੋਂ ਪਹਿਲਾਂ ਵੱਧ ਤੋਂ ਵੱਧ ਰਿਆਇਤਾਂ ਪ੍ਰਾਪਤ ਕਰਨ ਲਈ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਟਰੰਪ ਕੋਲ ਧਾਰਾ 232 ਟੈਰਿਫ ਵਰਗੇ ਘੱਟ ਵਿਆਪਕ ਸਾਧਨ ਬਚੇ ਹੋਣਗੇ, ਜੋ ਪੂਰੀ ਅਰਥਵਿਵਸਥਾ ਦੀ ਬਜਾਏ ਖਾਸ ਉਦਯੋਗਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਵਪਾਰ ਤੋਂ ਪਰੇ, ਸੂਤਰਾਂ ਦਾ ਕਹਿਣਾ ਹੈ ਕਿ ਟਰੰਪ ਇਸ ਗੱਲਬਾਤ ਵਿੰਡੋ ਦੀ ਵਰਤੋਂ ਵਿਆਪਕ ਟੀਚਿਆਂ ਨੂੰ ਅੱਗੇ ਵਧਾਉਣ ਲਈ ਕਰ ਸਕਦੇ ਹਨ।

# Preetnama

Khara Sach

# ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 313 | Website: www.preetnama.com Email preetnamausa@gmail.com | 25 JULY TO 31 JULY ,2025




Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 313
Website: www.preetnama.com Email preetnamausa@gmail.com
25 JULY TO 31 JULY ,2025

# ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਨਿਊ ਹਾਈਡ ਪਾਰਕ ਨਿਊਯਾਰਕ ਦੀ ਸਮੁੱਚੀ ਪ੍ਰਬੰਧਕ ਕਮੇਟੀ ਨੇ ਮਹਾਨ ਮੈਰਾਥਨ ਦੌੜਾਕ ਸ. ਫੌਜਾ ਸਿੰਘ ਦੇ ਦੇਹਾਂਤ ਤੇ ਡੂੰਘਾ ਦੁੱਖ ਪ੍ਰਗਟ ਕੀਤਾ



ਨਿਊਯਾਰਕ (ਅਮਰੀਕਾ) ਵਿਸ਼ੇਸ਼ ਪ੍ਰਤੀਨਿੱਧ) ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਨਿਊ ਹਾਈਡ ਪਾਰਕ, ਨਿਊਯਾਰਕ ਦੇ ਬੋਰਡ ਆਫ ਡਾਇਰੈਕਟਰਜ਼ ਨੇ ਵਿਸ਼ਵ-ਪ੍ਰਸਿੱਧ ਸਿੱਖ ਮੈਰਾਥਨ ਦੌੜਾਕ ਸਰਦਾਰ ਫੌਜਾ ਸਿੰਘ ਦੇ ਦੁਖਦਾਈ ਦੇਹਾਂਤ ਤੇ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ, ਜੋ ਇੱਕ ਕਾਰ ਹਾਦਸੇ ਤੋਂ ਬਾਅਦ 113 ਸਾਲ ਦੀ ਉਮਰ ਵਿੱਚ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ ਹਨ। ਫੌਜਾ ਸਿੰਘ, ਜਿਨ੍ਹਾਂ ਨੂੰ ਦੁਨੀਆ ਭਰ ਵਿੱਚ ਪਗੜੀ ਵਾਲੇ ਟੋਰਨਾਡੋ ਵਜੋਂ ਜਾਣਿਆ ਜਾਂਦਾ ਹੈ, ਇੱਕ ਦੌੜਾਕ ਤੋਂ ਕਿਤੇ ਵੱਧ ਸਨ। ਉਹ ਤਾਕਤ, ਨਿਮਰਤਾ ਅਤੇ ਅਟੁੱਟ ਵਿਸ਼ਵਾਸ ਦੀ ਇੱਕ ਉੱਚੀ ਹਸਤੀ ਸਨ।

ਉਨ੍ਹਾਂ ਦੀਆਂ ਮੈਰਾਥਨ ਸਿਰਫ਼ ਸਰੀਰਕ ਯਾਤਰਾਵਾਂ ਨਹੀਂ ਸਨ- ਇਹ ਲਚਕੀਲੇਪਣ, ਅਨੁਸ਼ਾਸਨ ਅਤੇ ਨਾਮ ਦੀ ਸ਼ਕਤੀ ਦੇ ਅਧਿਆਤਮਿਕ ਸੰਦੇਸ਼ ਵੀ ਸਨ। ਆਪਣੇ ਬਾਅਦ ਦੇ ਸਾਲਾਂ ਵਿੱਚ ਵੀ, ਉਨ੍ਹਾਂ ਨੇ ਉਮਰ ਅਤੇ ਮੁਸ਼ਕਲਾਂ ਦਾ ਸਾਹਮਣਾ ਕੀਤਾ, ਪੀੜ੍ਹੀਆਂ, ਸਿੱਖ ਅਤੇ ਗੈਰ-ਸਿੱਖ ਦੋਵਾਂ ਲਈ ਪ੍ਰੇਰਨਾ ਦਾ ਚਾਨਣ ਬਣ ਗਿਆ।

ਉਨ੍ਹਾਂ ਦੇ ਅਕਾਲ ਚਲਾਣੇ ਤੇ ਦੁੱਖ ਪ੍ਰਗਟ ਕਰਦਿਆਂ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਧਾਨ ਫੁੰਮਣ ਸਿੰਘ ਇਬਰਾਹਿਮਪੁਰ ਨੇ ਫੌਜਾ ਸਿੰਘ ਜੀ ਨੂੰ "ਚੜ੍ਹਦੀ ਕਲਾ ਦੀ ਇੱਕ ਜਿਉਂਦੀ ਜਾਗਦੀ ਉਦਾਹਰਣ ਵਜੋਂ ਯਾਦ ਕੀਤਾ, ਜੋ ਤਗਮਿਆਂ ਲਈ ਨਹੀਂ ਸਗੋਂ ਸਿੱਖ ਪਛਾਣ, ਸੇਵਾ ਅਤੇ ਮਨੁੱਖੀ ਤਾਕਤ ਦੇ ਸੰਦੇਸ਼ ਲਈ ਦੌੜੇ ਸਨ।÷

ਇੰਡੀਅਨ ਓਵਰਸੀਜ਼ ਕਾਂਗਰਸ ਯੂਐਸਏ ਦੇ ਰਾਸ਼ਟਰੀ ਪ੍ਰਧਾਨ ਮੁਹਿੰਦਰ ਸਿੰਘ ਗਿਲਜ਼ੀਆਂ ਨੇ ਉਨ੍ਹਾਂ ਨੂੰ "ਦੁਨੀਆ ਲਈ ਸਿੱਖ ਕਦਰਾਂ-ਕੀਮਤਾਂ ਦਾ ਰਾਜਦੂਤ÷ ਕਿਹਾ। "ਉਨ੍ਹਾਂ ਦੀ ਕਹਾਣੀ ਪੀੜ੍ਹੀਆਂ ਤੱਕ ਇਸ ਗੱਲ ਦੇ ਪ੍ਰਤੀਕ ਵਜੋਂ ਪੜ੍ਹੀ ਜਾਵੇਗੀ ਕਿ ਕਿਵੇਂ ਅਧਿਆਤਮਿਕ ਜੀਵਨ ਸਰੀਰਕ ਉੱਤਮਤਾ ਵੱਲ ਲੈ ਜਾਂਦਾ ਹੈ।÷ ਮੁਹਿੰਦਰ ਸਿੰਘ ਗਿਲਜ਼ੀਆਂ ਨੇ ਕਿਹਾ।

ਉਨ੍ਹਾਂ ਤੋਂ ਇਲਾਵਾ ਗੁਰਮੀਤ ਸਿੰਘ ਬੁੱਟਰ, ਪਰਮਜੀਤ ਜੋਸਨ, ਭੁਪਿੰਦਰ ਸਿੰਘ ਭਿੰਦਾ, ਗੁਰਿੰਦਰ ਸਿੰਘ ਪਠਾਨਕੋਟ, ਅਮਰ ਪਰਮਾਰ, ਦਵਿੰਦਰ ਸਿੰਘ, ਇਕਬਾਲ ਸਿੰਘ ਕਾਕਨੀਆ (ਰਾਣਾ), ਲਖਵੀਰ ਸਿੰਘ ਲਾਡੀ, ਰਘਬੀਰ ਸਿੰਘ (ਬੱਬੂ) ਘੋੜੇਚੱਕ, ਮਾਸਟਰ ਸਵਰਨ ਸਿੰਘ, ਹਰਵਿੰਦਰ ਸਿੰਘ ਭੁੱਲਾ ਅਵਾਨਾ, ਜਗਤਾਰ ਸਿੰਘ ਰਿੱਕੀ ਗਿਲਜ਼ੀਆਂ, ਕੁਲਦੀਪ ਘੋਤੜਾ, ਲੱਖੀ ਜ਼ੋੜੀਆ, ਸੂਬੇਦਾਰ ਉੱਜਲ ਸਿੰਘ ਬੇਗੋਵਾਲ, ਗੁਰਮੁਖ ਸਿੰਘ ਬਸੋਆ, ਜਗਮੋਹਨ ਸਿੰਘ, ਜਤਿੰਦਰ ਸਿੰਘ ਹੈਪੀ ਗਿਲਜੀਆਂ, ਅਮਰੀਕ ਸਿੰਘ ਬੱਸੀ, ਕੁਲਦੀਪ ਸਿੰਘ ਲਾਟ, ਕੁਲਵੰਤ ਸਿੰਘ ਜ਼ੋੜੀਆ ਗਿਲਜੀਆਂ, ਬਲਜੀਤ ਸਿੰਘ ਟਿੰਕੂ, ਕੁਲਬੀਰ ਜੋੜੀਆ, ਰੌਣਕ ਸਿੰਘ, ਗੁਰਨਾਮ ਸਿੰਘ ਲਾਟ, ਪੰਜਾਬ ਸਿੰਘ ਭਦਾਸ, ਧਰਮਿੰਦਰ ਸਿੰਘ ਜ਼ੋੜੀਆ ਗਿਲਜ਼ੀਆਂ, ਜਗਜੀਤ ਸਿੰਘ ਦਿੱਲੀ, ਪਲਵਿੰਦਰ ਸਿੰਘ ਰੋਮਨ ਗਿਲਜ਼ੀਆਂ, ਸੁਖਵਿੰਦਰ ਸਿੰਘ, ਕਰਨੈਲ ਸਿੰਘ ਸਲੇਮਪੁਰ, ਗੁਰਵਿੰਦਰ ਸਿੰਘ ਸਾਬੀ ਡੱਡੀਆਂ ਅਤੇ ਪਾਲ ਸਿੰਘ ਨੇ ਵੀ ਪਿਆਰੇ ਅਤੇ ਬੇਮਿਸਾਲ ਮੈਰਾਥਨ ਦੌੜਾਕ ਨੂੰ ਸ਼ਰਧਾਂਜਲੀ ਭੇਂਟ ਕੀਤੀ।

# ਇੰਡੀਅਨ ਓਵਰਸੀਜ਼ ਕਾਂਗਰਸ ਯੂਐਸਏ ਵੱਲੋਂ ਮਹਾਨ ਮੈਰਾਥਨ ਦੌੜਾਕ ਸਵਰਗੀ ਸਿਰਦਾਰ ਫੌਜਾ ਸਿੰਘ ਨੂੰ ਸ਼ਰਧਾਂਜਲੀ ਭੇਂਟ

## ਸਿੱਖੀ ਅਤੇ ਮਨੁੱਖੀ ਧੀਰਜ ਦੇ ਇੱਕ ਗਲੋਬਲ ਆਈਕਨ ਵਜੋਂ ਜਾਣੇ ਜਾਂਦੇ ਫੌਜਾ ਸਿੰਘ ਜੀ ਦਾ 113 ਸਾਲ ਦੀ ਉਮਰ 'ਚ ਦੇਹਾਂਤ

ਨਿਓਯਾਰਕ (ਵਿਸ਼ੇਸ਼ ਪ੍ਰਤੀਨਿੱਧ)
ਦੁਨੀਆ ਸਿਰਦਾਰ ਫੌਜਾ ਸਿੰਘ ਨੂੰ ਅਲਵਿਦਾ ਕਹਿ ਰਹੀ ਹੈ, ਉਹ ਮਹਾਨ ਸਿੱਖ ਮੈਰਾਥਨ ਦੌੜਾਕ ਜਿਨ੍ਹਾਂ ਦਾ ਸ਼ਾਨਦਾਰ ਜੀਵਨ ਧੀਰਜ, ਸ਼ਾਂਤੀ ਅਤੇ ਦ੍ਰਿੜਤਾ ਦਾ ਵਿਸ਼ਵਵਿਆਪੀ ਪ੍ਰਤੀਕ ਬਣ ਗਿਆ। ਉਨ੍ਹਾਂ ਦਾ 113 ਸਾਲ ਦੀ ਉਮਰ ਵਿੱਚ ਇੱਕ ਕਾਰ ਹਾਦਸੇ ਵਿੱਚ ਦੁਖਦਾਈ ਦਿਹਾਂਤ ਹੋ ਗਿਆ, ਉਹ ਇੱਕ ਵਿਰਾਸਤ ਛੱਡ ਗਏ ਜੋ ਖੇਡਾਂ ਤੋਂ ਪਰੇ ਹੈ - ਇੱਕ ਅਜਿਹੀ ਕਹਾਣੀ ਜਿਸ ਨੇ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਪ੍ਰੇਰਿਤ ਕੀਤਾ ਹੈ।

ਇੰਡੀਅਨ ਓਵਰਸੀਜ਼ ਕਾਂਗਰਸ ਯੂਐਸਏ (ਆਈਓਸੀ ਯੂਐਸਏ) ਨੇ ਸਿਰਦਾਰ ਫੌਜਾ ਸਿੰਘ, ਪ੍ਰਸਿੱਧ ਸ਼ਤਾਬਦੀ ਮੈਰਾਥਨ ਦੌੜਾਕ ਅਤੇ ਧੀਰਜ ਦੇ ਅੰਤਰਰਾਸ਼ਟਰੀ ਆਈਕਨ, ਦੇ ਦੁਖਦਾਈ ਦੇਹਾਂਤ ▾ਤੇ ਸੋਗ ਪ੍ਰਗਟ ਕੀਤਾ, ਜਿਨ੍ਹਾਂ ਦੀ 113 ਸਾਲ ਦੀ ਉਮਰ ਵਿੱਚ ਇੱਕ ਕਾਰ ਹਾਦਸੇ ਵਿੱਚ ਮੌਤ ਹੋ ਗਈ।

ਆਪਣੇ ਸ਼ੋਕ ਸੰਦੇਸ਼ ਵਿੱਚ, ਆਈਓਸੀ ਯੂਐਸਏ ਦੇ ਰਾਸ਼ਟਰੀ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਨੇ ਇਸ ਨੁਕਸਾਨ ▾ਤੇ ਡੂੰਘਾ ਦੁੱਖ ਪ੍ਰਗਟ ਕੀਤਾ। "ਫੌਜਾ ਸਿੰਘ ਜੀ ਸਿਰਫ਼ ਇੱਕ ਐਥਲੀਟ ਨਹੀਂ ਸਨ - ਉਹ ਇੱਕ ਲਹਿਰ ਸਨ।ਉਨ੍ਹਾਂ ਦਾ ਸਮਰਪਣ, ਅਨੁਸ਼ਾਸਨ ਅਤੇ ਨਿਮਰਤਾ ਹਮੇਸ਼ਾ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਮਾਰਗਦਰਸ਼ਕ ਚਾਨਣ ਮੁਨਾਰਾ ਬਣੇ ਰਹਿਣਗੇ, ਮਹਿੰਦਰ ਸਿੰਘ ਗਿਲਜ਼ੀਆਂ ਨੇ ਕਿਹਾ। ਆਈਓਸੀ ਯੂਐਸਏ ਦੇ ਕਾਰਜਕਾਰੀ ਪ੍ਰਧਾਨ ਸਾਬ ?ਹ ਭੁੱਲਰ ਨੇ ਕਿਹਾ, "ਸਾਨੂੰ ਸਿਰਦਾਰ ਫੌਜਾ ਸਿੰਘ ਦੇ ਦੇਹਾਂਤ ▾ਤੇ ਬਹੁਤ ਦੁੱਖ ਹੈ, ਜੋ ਇੱਕ ਸੱਚੇ ਦੰਤਕਥਾ ਅਤੇ ਵਿਸ਼ਵਵਿਆਪੀ ਪ੍ਰੇਰਨਾ ਸਨ। ਉਨ੍ਹਾਂ ਦੀ ਅਸਾਧਾਰਨ ਜਿ ?ਦਗੀ, ਅਟੱਲ ਭਾਵਨਾ, ਅਤੇ ਸਿਹਤ, ਵਿਸ਼ਵਾਸ ਅਤੇ ਸੇਵਾ ਪ੍ਰਤੀ ਵਚਨਬੱਧਤਾ ਨੇ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕੀਤਾ। ਵਾਹਿਗੁਰੂ ਜੀ ਉਨ੍ਹਾਂ ਦੀ ਮਹਾਨ ਆਤਮਾ ਨੂੰ ਸਦੀਵੀ ਸ਼ਾਂਤੀ ਬਖਸ਼ਣ ਅਤੇ ਪਰਿਵਾਰ ਨੂੰ ਇਸ ਅਸਿਹ ਨੁਕਸਾਨ ਨੂੰ ਸ਼ਕਤੀ ਦੇਣ।ਉਨ੍ਹਾਂ ਦੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ।÷
ਇਨ੍ਹਾਂ ਤੋਂ ਇਲਾਵਾ ਗੁਰਦੇਵ ਸਿੰਘ ਹੇਅਰ ਕਾਰਜਕਾਰੀ ਪ੍ਰਧਾਨ ਦੱਖਣੀ ਪੱਛਮੀ ਜ਼ੋਨ, ਗੁਰਮੀਤ ਸਿੰਘ ਗਿੱਲ ਪ੍ਰਧਾਨ ਪੰਜਾਬ ਚੈਪਟਰ, ਬਲਦੇਵ ਸਿੰਘ ਰੰਧਾਵਾ ਕੌਮੀ ਮੀਤ ਪ੍ਰਧਾਨ ਆਈ.ਓ.ਸੀ.ਯੂ.ਐਸ.ਏ., ਅਮਰ ਸਿੰਘ ਗੁਲਸ਼ਨ ਪ੍ਰਧਾਨ ਹਰਿਆਣਾ ਚੈਪਟਰ, ਜਸਵਿੰਦਰ ਸਿੰਘ ਕੰਗ ਸਕੱਤਰ ਜਨਰਲ ਪੰਜਾਬ ਚੈਪਟਰ,
ਗੁਰਿੰਦਰਪਾਲ ਸਿੰਘ ਸ਼ੇਖ ਜਨਰਲ ਸਕੱਤਰ ਆਈ.ਓ.ਸੀ. ਯੂ.ਐਸ.ਏ, ਗੁਰਪ੍ਰੀਤ ਸਿੰਘ
ਚੇਅਰਮੈਨ ਹਰਿਆਣਾ ਚੈਪਟਰ, ਫੁੰਮਣ ਸਿੰਘ ਇਬਰਾਹਿਮਪੁਰ, ਚੇਅਰਮੈਨ ਪੰਜਾਬ ਚੈਪਟਰ, ਕਮਲ ਧਾਲੀਵਾਲ ਇੰਡੀਅਨ ਓਵਰਸੀਜ਼ ਕਾਂਗਰਸ ਯੂ.ਕੇ, ਗੁਰਮੀਤ ਸਿੰਘ ਬੁੱਟਰ ਮੀਤ ਪ੍ਰਧਾਨ ਪੰਜਾਬ ਚੈਪਟਰ, ਜ਼ਬਰ ਸਿੰਘ ਗਰੇਵਾਲ, ਮੇਜਰ ਸਿੰਘ ਢਿੱਲੋਂ, ਨਿਰਮਲ ਸਿੰਘ ਗਰੇਵਾਲ, ਪਰਮਿੰਦਰ ਸਿੰਘ ਦਿਓਲ, ਕਸ਼ਮੀਰਾ ਸਿੰਘ, ਨਿਰਮਲ ਸਿੰਘ ਨਿੰਮਾ, ਵਿੱਕੀ ਗਿੱਲ ਪ੍ਰਧਾਨ ਯੂਥ ਵਿੰਗ ਪੰਜਾਬ ਚੈਪਟਰ, ਸੀਨੀਅਰ ਆਗੂ ਲਖਵਿੰਦਰ ਸਿੰਘ ਪੱਪੀ, ਅਮਰੀਕ ਸਿੰਘ ਪਿਹੋਵਾ, ਹਰਜੀਤ ਸਿੰਘ ਸਿੱਧੂ
ਮਨਦੀਪ ਸਿੰਘ, ਪ੍ਰਧਾਨ, ਆਈਓਸੀ ਨਿਊਯਾਰਕ, ਵਿਪਨ ਕੁਮਾਰ ਵਾਈਸ ਪ੍ਰੈਜ਼ੀਡੈਂਟ ਆਈਓਸੀ ਨਿਊਯਾਰਕ, ਅਸ਼ੋਕ ਕੁਮਾਰ ਸੀਨੀਅਰ ਕਾਂਗਰਸੀ ਆਗੂ ਨਿਊਯਾਰਕ ਜਸਵਿੰਦਰ ਸਿੰਘ ਖੱਖ ਅਤੇ ਹੋਰਨਾਂ ਨੇ ਸਿਰਦਾਰ ਫੌਜਾ ਸਿੰਘ ਦੇ ਅਕਾਲ ਚਲਾਣੇ ਤੇ ਸੋਗ ਪ੍ਰਗਟ ਕੀਤਾ।

01 ਅਪ੍ਰੈਲ, 1911 ਨੂੰ ਪੰਜਾਬ, ਪੰਜਾਬ ਦੇ ਬਿਆਸ ਪਿੰਡ ਵਿੱਚ ਜਨਮੇ ਫੌਜਾ ਸਿੰਘ ਇੱਕ ਸਾਧਾਰਨ ਸ਼ੁਰੂਆਤ ਤੋਂ ਉੱਭਰੇ ਅਤੇ ਇੱਕ ਅੰਤਰਰਾਸ਼ਟਰੀ ਪ੍ਰਤੀਕ ਬਣ ਗਏ। "ਪਗੜੀ ਧਾਰੀ ਟੋਰਨਾਡੋ÷ ਵਜੋਂ ਪਿਆਰ ਨਾਲ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਨੇ 89 ਸਾਲ ਦੀ ਉਮਰ ਵਿੱਚ ਆਪਣੀ ਮੈਰਾਥਨ ਯਾਤਰਾ ਸ਼ੁਰੂ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ - ਉਮਰ ਨਾਲ ਸਬੰਧਤ ਰੂੜ੍ਹੀਵਾਦੀ ਧਾਰਨਾਵਾਂ ਨੂੰ ਤੋੜਦੇ ਹੋਏ ਅਤੇ ਮਨੁੱਖੀ ਸੰਭਾਵਨਾਵਾਂ ਨੂੰ ਮੁੜ ਪਰਿਭਾਸ਼ਿਤ ਕਰਦੇ ਹੋਏ।

ਉਹ 2011 ਵਿੱਚ 100 ਸਾਲ ਦੀ ਉਮਰ ਵਿੱਚ ਟੋਰਾਂਟੋ ਵਾਟਰਫਰੰਟ ਮੈਰਾਥਨ ਦੌੜ ਕੇ ਮੈਰਾਥਨ ਪੂਰੀ ਕਰਨ ਵਾਲਾ ਹੁਣ ਤੱਕ ਦਾ ਸਭ ਤੋਂ ਬਜ਼ੁਰਗ ਵਿਅਕਤੀ ਬਣ ਗਏ ਸਨ। ਇਨ੍ਹਾਂ ਸਾਲਾਂ ਦੌਰਾਨ, ਉਨ੍ਹਾਂ ਨੇ ਨਿਊਯਾਰਕ, ਲੰਡਨ, ਟੋਰਾਂਟੋ ਅਤੇ ਹਾਂਗ ਕਾਂਗ ਸਮੇਤ ਪ੍ਰਮੁੱਖ ਸ਼ਹਿਰਾਂ ਵਿੱਚ ਪੂਰੀ ਮੈਰਾਥਨ ਦੌੜੀ।ਉਨ੍ਹਾਂ ਦੀ ਵਿਲੱਖਣ ਕਹਾਣੀ ਨੇ 2004 ਵਿੱਚ ਵਿਸ਼ਵਵਿਆਪੀ ਧਿਆਨ ਖਿੱਚਿਆ ਜਦੋਂ ਉਨ੍ਹਾਂ ਨੂੰ ਦਹਾਕਿਆਂ ਦੇ ਛੋਟੇ ਕੁਲੀਨ ਐਥਲੀਟਾਂ ਦੇ ਨਾਲ ਇੱਕ ਐਡੀਡਾਸ ਮੁਹਿੰਮ ਵਿੱਚ ਪ੍ਰਦਰਸਿ ?ਤ ਕੀਤਾ ਗਿਆ ਸੀ।

ਭਾਵੇਂ ਉਨ੍ਹਾਂ ਨੇ 2013 ਵਿੱਚ ਪ੍ਰਤੀਯੋਗੀ ਦੌੜ ਤੋਂ ਸੰਨਿਆਸ ਲੈ ਲਿਆ, ਫੌਜਾ ਸਿੰਘ ਆਪਣੇ ਬਾਅਦ ਦੇ ਸਾਲਾਂ ਵਿੱਚ ਚੈਰਿਟੀ ਦੌੜਾਂ ਅਤੇ ਜਾਗਰੂਕਤਾ ਸਮਾਗਮਾਂ ਵਿੱਚ ਹਿੱਸਾ ਲੈਂਦਾ ਰਹੇ। ਉਨ੍ਹਾਂ ਦੀਆਂ ਪ੍ਰਾਪਤੀਆਂ ਨਾ ਸਿਰਫ ਐਥਲੈਟਿਕ ਜਿੱਤਾਂ ਸਨ - ਉਹ ਸੱਭਿਆਚਾਰਕ ਮੀਲ ਪੱਥਰ ਅਤੇ ਮਾਨਵਤਾਵਾਦੀ ਬਿਆਨ ਸਨ।ਉਨ੍ਹਾਂ ਨੇ ਉਸੇ ਜਨੂੰਨ ਨਾਲ ਉਦੇਸ਼ਾਂ ਦਾ ਸਮਰਥਨ ਕੀਤਾ ਜੋ ਉਹ
ਸੇਵਾ (ਨਿਰਸਵਾਰਥ ਭਾਵ ਨਾਲ), ਨਿਮਰਤਾ ਅਤੇ ਅੰਦਰੂਨੀ ਤਾਕਤ ਦੇ ਸਿੱਖ ਮੁੱਲਾਂ ਨੂੰ ਮੂਰਤੀਮਾਨ ਕਰਦੇ ਹੋਏ ਟਰੈਕ ▾ਤੇ ਲਿਆਉਂਦੇ ਸਨ।

ਇੱਕ ਸ਼ਰਧਾਲੂ ਸਿੱਖ ਅਤੇ ਸ਼ਾਂਤ ਕਿਰਪਾ ਦੇ ਆਦਮੀ, ਸਵਰਗੀ ਫੌਜਾ ਸਿੰਘ ਨੇ ਆਪਣੀ ਲੰਬੀ ਉਮਰ ਅਤੇ ਜੀਵਨਸ਼ਕਤੀ ਦਾ ਸਿਹਰਾ ਇੱਕ ਸਧਾਰਨ ਸ਼ਾਕਾਹਾਰੀ ਖੁਰਾਕ, ਅਧਿਆਤਮਿਕ ਸ਼ਰਧਾ, ਰੋਜ਼ਾਨਾ ਅਨੁਸ਼ਾਸਨ ਅਤੇ ਇੱਕ ਸਕਾਰਾਤਮਕ ਮਾਨਸਿਕਤਾ ਨੂੰ ਦਿੱਤਾ।ਹਮੇਸ਼ਾ ਨਿਮਰ, ਨਰਮ ਬੋਲਣ ਵਾਲੇ ਅਤੇ ਦਿਆਲੂ, ਉਹ ਆਪਣੀ ਸਾਰੀ ਜਿ ?ਦਗੀ ਸਿੱਖ ਪਛਾਣ ਦੇ ਮਾਣਮੱਤੇ ਰਾਜਦੂਤ ਰਹੇ।ਉਹ ਅਕਸਰ ਕਹਿੰਦੇ ਸਨ, "ਲੰਬੀ ਉਮਰ ਦਾ ਰਾਜ਼ ਖੁਸ਼ ਰਹਿਣਾ, ਦਾਨ ਕਰਨਾ ਅਤੇ ਅੱਗੇ ਵਧਦੇ ਰਹਿਣਾ ਹੈ।÷ ਉਨ੍ਹਾਂ ਦਾ ਜੀਵਨ ਉਸ ਸਿਆਣਪ ਦੀ ਇੱਕ ਜਿਉਂਦੀ ਜਾਗਦੀ ਉਦਾਹਰਣ ਸੀ। ਫੌਜਾ ਸਿੰਘ ਦੀ ਵਿਰਾਸਤ ਜਿ ?ਦਾ ਰਹੇਗੀ - ਨਾ ਸਿਰਫ਼ ਰਿਕਾਰਡ ਬੁੱਕਾਂ ਵਿੱਚ, ਸਗੋਂ ਉਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਜਿਨ੍ਹਾਂ ਨੂੰ ਉਨ੍ਹਾਂ ਨੇ ਮਹਾਂਦੀਪਾਂ, ਪੀੜ੍ਹੀਆਂ ਅਤੇ ਭਾਈਚਾਰਿਆਂ ਵਿੱਚ ਪ੍ਰੇਰਿਤ ਕੀਤਾ।



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 313

Website: www.preetnama.com Email preetnamausa@gmail.com

25 JULY TO 31 JULY ,2025




# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 313 | Website: www.preetnama.com Email preetnamausa@gmail.com | 25 JULY TO 31 JULY ,2025


# ਪੰਜਾਬੀਅਤ ਦੀ ਸ਼ਾਨ ਬਾਬਾ ਫੌਜਾ ਸਿੰਘ ਨੂੰ ਇਕ ਮਿੰਟ ਦਾ ਮੋਨ ਰੱਖ ਕੇ ਦਿੱਤੀ ਸ਼ਰਧਾਂਜਲੀ

## ਸਾਹਿਤਕ ਪ੍ਰੇਮੀਆਂ ਵਲੋਂ ਜਸਵੀਰ ਸਿੰਘ ਡੁਮੇਲੀ ਹੋਰਾਂ ਦੇ ਘਰ ਇਕ ਸਾਹਿਤਕ ਬੈਠਕ ਦਾ ਕੀਤਾ ਗਿਆ ਆਯੋਜਨ



ਨਿਊਯਾਰਕ : ਲੰਘੇ ਸ਼ਨਿਚਰਵਾਰ 19 ਜੁਲਾਈ, ਨਿਊਯਾਰਕ ਵਿੱਚ ਵੱਸਦੇ ਸਾਹਿਤਕ ਪ੍ਰੇਮੀਆਂ ਵਲੋਂ ਜਸਵੀਰ ਸਿੰਘ ਡੁਮੇਲੀ ਹੋਰਾਂ ਦੇ ਘਰ ਇਕ ਸਾਹਿਤਕ ਬੈਠਕ ਆਯੋਜਿਤ ਕੀਤੀ ਗਈ। ਜਿਸ ਦੀ ਸ਼ੁਰੂਆਤ ਪੰਜਾਬੀਅਤ ਦੀ ਸ਼ਾਨ ਬਾਬਾ ਫੌਜਾ ਸਿੰਘ ਹੋਰਾਂ ਨੂੰ ਇਕ ਮਿੰਟ ਦਾ ਮੋਨ ਰੱਖ ਕੇ ਦਿੱਤੀ ਸ਼ਰਧਾਂਜਲੀ ਨਾਲ ਕੀਤੀ ਗਈ। ਫੌਜਾ ਸਿੰਘ ਜੀ ਉਹ ਸਨਮਾਨਤ ਸ਼ਖਸੀਅਤ ਸਨ ਜਿਨ੍ਹਾਂ ਨੇ ਇਕ ਸੌ ਸਾਲ ਦੀ ਉਮਰ ਵਿੱਚ ਸਾਰੀ ਦੁਨੀਆਂ ਵਿੱਚ ਸਭ ਤੋਂ ਵੱਡੀ ਉਮਰ ਦੇ ਮੈਰਾਥਨ ਦੇ ਦੌੜਾਕ ਹੋਣ ਦਾ ਰਿਕਾਰਡ ਕਾਇ ਕੀਤਾ। ਸਾਡੇ ਪੰਜਾਬੀਆਂ ਲਈ ਸਭ ਤੋਂ ਮਾਣ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਇਹ ਮੈਰਾਥਨ ਸਾਬਿਤ ਸੂਰਤ ਸਿੱਖੀ ਸਰੂਪ ਕਾਇਮ ਰੱਖਿਆ। ਮੈਰਾਥਨ ਕਮੇਟੀ ਵੱਲੋਂ ਉਨ੍ਹਾ ਨੂੰ ਕਿਹਾ ਗਿਆ ਕਿ ਤੁਸੀਂ ਇਸ ਦੌੜ ਵਿੱਚ ਪੱਗ ਬੰਨ੍ਹ ਕੇ ਹਿਸਾ ਨਹੀਂ ਲੈ ਸਕਦੇ। ਫੌਜਾ ਸਿੰਘ ਹੋਰਾਂ ਦਾ ਜਵਾਬ ਸੀ ÷ਪੱਗ ਬੰਨ੍ਹਣ ਤੋਂ ਵਗੈਰ ਮੈਂ ਮੈਰਾਥਨ ਦੌੜ ਵਿੱਚ ਹਿਸਾ ਨਹੀਂ ਲੈਣਾ ਮੈਨੂੰ ਇਸ ਦੀ ਕੋਈ ਲੋੜ ਨਹੀਂ ਹੈ ÷ ਕਮੇਟੀ ਨੂੰ ਬਾਬਾ ਜੀ ਨਾਲ ਸਹਿਮਤ ਹੋਣਾ ਪਿਆ। ਉਹ ਫਾਨੀ ਸੰਸਾਰ ਤੋਂ ਜਾਣ ਵੇਲੇ ਪੰਜਾਬੀਆਂ ਨੂੰ ਬਹੁਤ ਖੂਬਸੂਰਤ ਸੁਨੇਹਾ ਦੇ ਗਏ ਹਨ ਕਿ ਸਾਬਿਤ ਸੂਰਤ ਵਿੱਚ ਰਹਿ ਕੇ ਸਾਰੇ ਕੰਮ ਕੀਤੇ ਜਾ ਸਕਦੇ ਹਨ। ਐਵੇ ਆਨੇ ਬਹਾਨੇ ਆਪਣੇ ਸਰੂਪ ਬਦਲਣੇ ਨਹੀਂ ਚਾਹੀਦੇ। ਬੈਠਕ ਦੇ ਕਹਾਣੀ ਦੇ ਦੌਰ ਵਿੱਚ ਰਾਣੀ ਨਗਿੰਦਰ ਹੋਰਾਂ ਆਪਣੀ ਲਿਖੀ ਕਹਾਣੀ ਖੌਫ ਪੜ੍ਹੀ ਜਿਸ ਦਾ ਸਾਰਾਂਸ਼ ਸੀ ਇਨਸਾਨ ਆਪਣੀ ਜ਼ਿੰਦਗੀ ਤੋਂ ਦੁੱਖੀ ਹੋ ਕੇ ਭਾਵੇ ਆਤਮਹੱਤਿਆ ਕਰਨ ਦੀਆਂ ਲੱਖ ਵਿਉਂਤਾਂ ਬਣਾਉਣ ਦੀ ਕੋਸ਼ਿਸ਼ ਕਰੇ ਪਰ ਮੌਤ ਦੇ ਡਰ ਤੋਂ ਨਿਜਾਤ ਪਾਉਣੀ ਬਹੁਤ ਮੁਸ਼ਕਿਲ ਹੈ। ਕਹਾਣੀ ਦਾ ਸਭਨਾਂ ਨੇ ਭਰਪੂਰ ਅਨੰਦ ਮਾਣਿਆ। ਦੂਸਰੀ ਕਹਾਣੀ ਬਲਦੇਵ ਸਿੰਘ ਗਰੇਵਾਲ ਹੋਰਾਂ ਪੜ੍ਹੀ ਜਿਸ ਦਾ ਸਿਰਲੇਖ ਸੀ ÷ਕਮੀਨਾ÷ ਬਲਦੇਵ ਸਿੰਘ ਗਰੇਵਾਲ ਹੋਰਾਂ ਦੀ ਇਹ ਕਹਾਣੀ ਇਕ ਪਿਛੜੇ ਵਰਗ ਦੀ ਗਰੀਬ ਕੁੜੀ ਦੀ ਸਰਮਾਏਦਾਰ ਪਰਿਵਾਰ ਦੇ ਅਧਿਆਪਕ ਲੜਕੇ ਨਾਲ ਪ੍ਰੇਮ ਸੰਬੰਧ ਹੋ ਜਾਣ ਨਾਲ ਸਬੰਧਤ ਸੀ,ਕਹਾਣੀ ਦਾ ਪਲਾਟ ਇਸ ਤਰੀਕੇ ਬੰਨਿਆਂ ਹੋਇਆ ਸੀ ਜਿਵੇਂ ਇਹ ਅਸਲੀਅਤ ਵਿੱਚ ਘਟਿਆ ਹੋਇਆ ਘਟਨਾਕ੍ਰਮ ਹੋਵੇ। ਇਹ ਕਹਾਣੀ ਸ਼ੰਵੇਦਨਸ਼ੀਲ ਭਾਵਨਾਤਮਕਤਾ ਨਾਲ ਭਰਪੂਰ ਸੀ। ਕਦੇ ਕਦੇ ਕਹਾਣੀਕਾਰ ਖੁਦ ਵੀ ਕਹਾਣੀ ਪੜ੍ਹਦਾ ਹੋਇਆ ਲੱਗਦਾ ਸੀ।ਫਿਰ ਕਵਿਤਾ ਦੇ ਦੌਰ ਦੀ ਸ਼ੁਰੁਆਤ ਅਜੈਪਾਲ ਸਿੰਘ ਦੀ ਕਵਿਤਾ ਸਕੂਲ ਦੇ ਆਖਰੀ ਦਿਨ ਵੇਲੇ ਦੀ ਵਿਦਾਇਗੀ ਦੇ ਦਿਨ ਦੀ ਗੱਲ ਕੀਤੀ ਗਈ ਕਿ ਸਕੂਲ ਵਿਚ ਰਹਿ ਕੇ ਕੀ ਕੁੱਝ ਸਿੱਖਣ ਨੂੰ ਮਿਲਿਆ,ਤੇ ਦੂਸਰੀ ਕਵਿਤਾ ਸੀ 'ਮਰਦ ਹੋਣਾਂ ਕੋਈ ਸੌਖਾ ਨਈਂ

ਇਹ ਕੰਡਿਆਂ ਦਾ ਤਾਜ ਏ÷

ਇਸ ਤੋਂ ਸਤਿੰਦਰ ਕੌਰ ਹੋਰਾਂ ਨੇ ਆਪਣੀ ਕਵਿਤਾ ਸੁਣਾਂ ਕੇ ਹਾਜ਼ਰੀ ਲੁਆਈ ਜਿਸ ਦਾ ਸਾਰਾਂਸ਼ ਸੀ ਲੋਕੀਂ ਇਕ ਇਨਸਾਨ ਦੀ ਬਾਹਰੀ ਦਿਖ ਦੇਖ ਕੇ ਹੀ ਉਸ ਦੀ ਸ਼ਖਸੀਅਤ ਦਾ ਅਨੁਮਾਨ ਲਾਅ ਕੇ ਆਪਣੀਆ ਸੋਚਾਂ ਦੇ ਘੋੜੇ ਦੜਾਉਣ ਲੱਗ ਪੈਂਦੇ ਹਨ ਪਰ ਉਸ ਮਨ ਵਿੱਚਲੇ ਖਿਆਲਾਂ ਵਾਰੇ ਕੋਈ ਕੁੱਝ ਨਈਂ ਜਾਣਦਾ। ਅੰਜੂ ਰੱਤੀ ਹੋਰਾਂ ਨੇ ਔਰਤ ਦੀ ਮਜਬੂਤ ਮਾਨਸਿਕਤਾ ਦੀ ਬਾਤ ਪਾਉਂਣ ਵਾਲੀ ਕਵਿਤਾ ਪੜ੍ਹੀ ਕਿ ਅਗਰ ਔਰਤ ਸੱਚ ਉਤੇ ਪਹਿਰਾ ਦੇਣ ਦੀ ਸੋਚ ਦੀ ਅਲੰਬਰਦਾਰ ਹੈ ਤਾਂ ਕਿਸੇ ਪਰਾਏ ਮਰਦ ਦੀ ਕਦੇ ਜੁਰਅਤ ਨਈਂ ਪੈ ਸਕਦੀ ਕਿ ਉਸ ਵਲ ਮੈਲੀ ਅੱਖ ਨਾਲ ਵੇਖ ਸਕੇ। ਅਨੂੰ ਹੋਰਾਂ ਨੇ ਇਕ ਕਵਿਤਾ ਤਰੰਨਮ ਵਿੱਚ ਗਾਇਨ ਕੀਤੀ ÷ਰੂਹੇ ਨੀਂ ਰੂਹੇ ਤੇਰੇ ਬਾਰੀ ਨ ਬੂਹੇ÷ ਪ੍ਰੀਤ ਕੌਰ ਦੀ ਕਵਿਤਾ ਬੰਦੇ ਨੂੰ ਸਮਝਾਉਣ ਦੀ ਸੋਚ ਨਾਲ ਭਰਪੂਰ ÷ਮਿੱਟੀ ਦਿਆ ਘੜਿਆ ਵੇ ਕਾਹਦਾ ਮਾਣ ਕਰੇਂਦਾ ਏ÷

ਪਰਮਜੀਤ ਕੌਰ ਹੋਰਾਂ ਨੇ ਪੰਜਾਬ ਵਿੱਚ ਵਧੀਆ ਰਹਿਣ ਸਹਿਣ ਨੂੰ ਛੱਡ ਕੇ ਬਦੇਸ਼ਾ ਆ ਗਏ ਲੋਕਾਂ ਵਾਰੇ ਵਾਰੇ ਗਲ ਕਰਦਿਆ ਇਕ ਕਿਸੇ ਹੋਰ ਸ਼ਾਇਰ ਦਾ ਲਿਖਿਆ ਗੀਤ ਗਾਇਆ ÷ਆ ਗਏ ਕਨੇਡਾ ਨੂੰ ਛੱਡ ਕੇ ਪਿੰਡ ਵਿਚਲੀ ਸਰਦਾਰੀ÷ ਜਿਹੜੀ ਸਾਰਿਆ ਨੂੰ ਆਪਣੀ ਹੀ ਕਹਾਣੀ ਲੱਗੀ। ਰਾਮ ਜੀ ਦਾਸ ਸੇਠੀ ਹੋਰਾਂ ਦੀ ਕਵਿਤਾ ਦਾ ਅਨੁਮਾਨ ਸੀ

ਅੜਿਆ ਐਵੇ ਅੜਿਆ ਨਾ ਕਰ
ਹਰ ਇੱਕ ਦਿਲ ਵਿੱਚ ਵੜਿਆ ਨਾ ਕਰ

ਜਿਸ ਦਾ ਇਕ ਇਕ ਸ਼ੇਅਰ ਬਹੁਤ ਖੂਬਸੂਰਤ ਤੇ ਸਾਰਥਕ ਸਿਖਿਆ ਨਾਲ ਲਵਰੇਜ਼ ਸੀ।ਸਾਰਿਆ ਸੱਜਣਾਂ ਨੇ ਖੂਬ ਤਾੜੀਆਂ ਨਾਲ ਭਰਪੂਰ ਸਲਾਉਣਾਂ ਕੀਤੀ।ਉਂਕਾਰ ਸਿੰਘ ਡੁਮੇਲੀ ਹੋਰਾਂ ਦੀ ਕਵਿਤਾ ਰੱਬ ਦੇ ਮੂਹਰੇ ਉਸ ਵੱਲੋਂ ਕੀਤੀ ਕਾਣੀ ਵੰਡ ਦੀ ਬਾਤ ਪਾਉਂਦੀ ਸੀ ਕਿ ਤੂੰ ਸਭ ਆਲਮ ਦਾ ਰਾਖਾ ਤਾਂ ਕਹਾਉਣ ਦਾ ਹੱਕਦਾਰ ਹੈਂ ਤਾਂ ਸਭਨਾਂ ਦੀ ਝੋਲੀ ਵਿੱਚ ਬਰਾਬਰ ਦੀ ਖ਼ੈਰ ਤਾਂ ਪਾਇਆ ਕਰ। ਹਰਦੇਵ ਸਿੰਘ ਡੁਮੇਲੀ ਹੋਰਾਂ ਨੇ ਨਿਊਯਾਰਕ ਵਿੱਚ ਹੁੰਦੀਆਂ ਸਾਹਿਤਕ ਬੈਠਕਾਂ ਵਿਚ ਪਹਿਲੀ ਵਾਰ ਹਿਸਾ ਲਿਆ ਉਨ੍ਹਾ ਨੇ ਵੀ ਆਪਣੀਆਂ ਦੋ ਕਵਿਤਾਵਾਂ ਸੁਣਾ ਕ ਹਾਜ਼ਰੀ ਲੁਆਈ। ਇਕਬਾਲ ਸਿੰਘ ਰੋਜ਼ੀ ਹੋਰਾਂ ਨੇ ਨਵੇਂ ਸਾਲ ਵਾਰੇ ਕਵਿਤਾ ਪੜ੍ਹੀ ਕਿ ਇਸ ਤਰੀਕੇ ਨਾਲ ਸਾਰੀ ਦੁਨੀਆ ਜੋਸ਼ ਨਵੇਂ ਸਾਲ ਨੂੰ ਜੀ ਆਇਆ ਆਖਦਿਆਂ ਜਿੰਦਗੀ ਦੇ ਜਸ਼ਨ ਮਨਾਉਂਦੇ ਹਨ। ਤਰਲੋਕ ਬੀਰ ਹੋਰਾਂ ਦੀ ਕਵਿਤਾ ÷ਉਸ ਨੇ ਖੱਪ ਕੇ ਕਿਹ,ਰਾਧਾ ਹੋਵੇ ਜਾਂ ਸਲਮਾਂ ,ਤੂੰ ਇਨ੍ਹਾਂ ਨਾਵਾਂ ਤੋਂ ਕੀ ਲੈਣਾਂ÷

ਦੂਸਰੀ ਕਵਿਤਾ ÷ਅਸੀਂ ਹਨੇਰੇ ਘਰਾਂ ਦੇ ਜੰਮਪਲ,ਰੋਸ਼ਨੀ ਨੂੰ ਕਦ ਤਕ ਉਡੀਕਾਗੇ÷

ਦੋਵੇ ਕਵਿਤਾਵਾਂ ਖ਼ੂਬਸੂਰਤ ਅਰਥ ਭਰਪੂਰ ਸਨ। ਜਗਜੀਤ ਸਿੰਘ ਹੋਰਾਂ ਦੀ ਕਵਿਤਾ ਵਿੱਚ ਲਹਿੰਦੇ ਤੇ ਚੜਦੇ ਪੰਜਾਬ ਦੇ ਵਿਛੜਨ ਦਾ ਹੇਰਵਾ ਸਾਫ ਦਿਖਾਈ ਦੇ ਰਿਹਾ ਸੀ। ਜਸਵਿੰਦਰ ਸਿੰਘ ਡੁਮੇਲੀ ਹੋਰਾਂ ਨੇ ਹਮੇਸ਼ਾ ਦੀ ਤਰ੍ਹਾ ਸਾਰਿਆ ਦਾ ਮਜ਼ਾਜ ਖੁਸ਼ ਗਵਾਰ ਕਰਨ ਲਈ ਕੁੱਝ ਹੱਸਿਆ ਨਾਲ ਭਰਪੂਰ ਗੱਲਾਂ ਸੁਣਾ ਕੇ ਵਾਹ ਵਾਹ ਦੀ ਦਾਦ ਲਈ। ਸੁਰਿੰਦਰ ਸੋਹਲ ਹੋਰਾਂ ਨੇ ਸਰਜੀਤ ਦੀ ਲਿਖੀ ਕਹਾਣੀ ਸੰਗ੍ਰਿਹ ÷ਪਾਰਲੇ ਪੁਲ÷ ਵਿਚਲੀਆਂ ਸਾਰੀਆਂ ਕਹਾਣੀਆਂ ਦਾ ਵਧੀਆ ਢੰਗ ਨਾਲ ਮੂਲੱਕਣ ਕੀਤਾ,ਅਜ ਦੀ ਨਵੀਂ ਟੈਕਨੋਲੋਜੀ ਨੇ ਕਿਸ ਤਰਾਂਹ ਲੁਕਵੇਂ ਢੰਗ ਨਾਲ ਰਿਸ਼ਤੇਦਾਰੀ ਦੀਆਂ ਤੰਦਾ ਨੂੰ ਪਾਰਕਸਨ ਦੀ ਬਿਮਾਰੀ ਵਾਂਗ ਬਰਬਾਦ ਕੀਤਾ ਹੈ। ਕਿਸ ਤਰੀਕੇ ਨਾਲ ਧਰਤੀ ਉਤੇ ਆਏ ਭੂਚਾਲਾਂ ਨਾਲੋਂ ਰਿਸ਼ਤਿਆਂ ਵਿੱਚ ਆਏ ਭੂਚਾਲ ਕਿਸ ਤਰੀਕੇ ਨਾਲ ਰਿਸ਼ਤਿਆਂ ਨੂੰ ਬਰਬਾਦ ਕਰ ਰਹੇ ਹਨ। ਜੀਤ ਚੰਦਨ ਹੋਰਾਂ ਆਪਣੇ ਕੁੱਝ ਸ਼ੇਅਰ ਬਹੁਤ ਖੂਬਸੂਰਤ ਤਰੀਕੇ ਨਾਲ ਸੁਣਾਏ। ਜਸਵੀਰ ਸਿੰਘ ਡੁਮੇਲੀ ਹੋਰਾਂ ਦੀ ਗਜ਼ਲ ÷ਜਿਸ ਦੇ ਨਾਲ ਹੀ ਵਾਹ ਪਿਆ ਹੈ। ਉਹੀਓ ਲਾਉਂਦਾ ਢਾਹ ਪਿਆ ਹੈ÷ਜਿਹੜੀ ਅਜ ਕਲ ਵਰਤ ਰਹੇ ਵਰਤਾਰੇ ਦੀ ਮਕਬੂਲ ਤਰਜਮਾਨੀ ਕਰ ਰਹੀ ਸੀ।ਰੇਸ਼ਮ ਸਿੰਘ ਡੁਮੇਲੀ ਹੋਰਾਂ ਨੇ ਬੀਤੇ ਸਮੇਂ ਦੀ ਬਾਤ ਪਾਉਂਦਿਆਂ ਕਵਿਤਾ ਸੁਣਾਈ ÷ਮੇਰੇ ਪਿੰਡ ਇਕ ਖੂਹ ਹੁੰਦਾ ਸੀ।

ਸਾਰੇ ਪਿੰਡ ਦੀ ਰੂਹ ਹੁੰਦਾ ਸੀ।

ਜਿਵੇ ਅਜ ਖੂਹਾਂ ਵਿੱਚੋ ਪਾਣੀ ਸੁੱਕ ਗਿਆ ਹੈ,ਇਸੇ ਤਰੀਕੇ ਨਾਲ ਰੂਹਾਂ ਵਿੱਚਲੀ ਮੁਹੱਬਤ ਖਤਮ ਹੋ ਗਈ ਹੈ। ਸਭਨਾਂ ਨੇ ਕਵਿਤਾ ਪਸੰਦ ਕੀਤੀ। ਮੁਮਤਾਜ ਹੁਸੇਨ ਹੋਰਾਂ ਨੇ ਬੰਦਿਆਂ ਵਿੱਚ ਜਾਨਵਰਾਂ ਵਾਲੀ ਬਿਰਤੀ ਦਾ ਘਰ ਕਰ ਜਾਣਾ ਕਿੰਨਾ ਖਤਰਨਾਕ ਹੁੰਦਾ ਜਾ ਰਿਹਾ ਹੈ ਨਾਲ ਸਬੰਧਤ ਕਵਿਤਾ ਪੜੀ ।ਰਜਿੰਦਰ ਜਿੰਦ ਹੋਰਾਂ ਨੇ ਇਕ ਗਜ਼ਲ ਸੁਣਾ ਕੇ ਆਪਣੀ ਹਾਜ਼ਰੀ ਲੁਆਈ ÷ਸੋਚਾਂ ਦੇ ਵਿੱਚ ਫਿਕਰਾਂ ਨੇ ਕੋਈ ਅਗ ਜਿਹੀ ਬਾਲ ?ੀ ਲਗਦੀ ਹੈ÷

ਜਸਪ੍ਰੀਤ ਸਿੰਘ ਨੇ ਮਾਂ ਦੇ ਬੱਚਿਆ ਵਾਸਤੇ ਕੀਤੇ ਮੁਹੱਬਤ ਤੇ ਮੋਹ ਨਾਲ ਕੰਮਾਂ ਦਾ ਜਿਕਰ ਕਰਦਿਆ ਕਵਿਤਾ ਸੁਣਾਈ। ਬਲਵਿੰਦਰ ਸਿੰਘ ਇਕ ਗਜ਼ਲ ਸੁਣਾਈ ਗੀਟਾ ਕੋਹਲੀ ਹੋਰਾਂ ਨੇ ਇਕ ਪੰਜਾਬੀ ਗੀਤ ਸੰਗੀਤਕ ਰੌਅ ਵਿੱਚ ਸਣਾਇਆਂ। ਬੈਠਕ ਦੇ ਮੇਜਬਾਨ ਅਮਰੀਕ ਗ਼ਾਫ਼ ?ਲ

ਹੋਰਾਂ ਨੇ ਇਕ ਗਜ਼ਲ ਤੇ ਕੁੱਝ ਟੱਪੇ ਸੁਣਾਏ। ਤੇ ਅਗਸਤ ਮਹੀਨੇ ਵਿੱਚ ਹੋਣ ਵਾਲੀ ਸਾਹਿਤਕ ਬੈਠਕ ਲਈ ਹਾਮੀ ਭਰੀ। ਇਸ ਤੋਂ ਮਨਜੀਤ ਕੌਰ ਗੁਰਪ੍ਰੀਤ ਕੌਰ ਸਰਬਜੀਤ ਕੌਰ ਗੁਰਚਰਨ ਸਿੰਘ ਤੇ ਰਾਜਵਿੰਦਰ ਕੌਰ ਹੋਰਾਂ ਨੇ ਹਾਜ਼ਰੀ ਲਗਵਾਈ ਸਾਰਿਆ ਨੇ ਘਰ ਦੇ ਖਾਣੇ ਸੰਪੂਰਨ ਲੁਤਫ ਲਿਆ ਤੇ ਅਗਲੇ ਮਹੀਨੇ ਫ਼ ?ਰ ਇਕੱਠੇ ਹੋਣ ਦਾ ਵਾਅਦਾ ਕਰਦਿਆ ਇਕ ਦੂਜੇ ਨੂੰ ਸ਼ੱਬਾ ਖ਼ੈਰ ਕਹੀ।

ਹਫ਼ਤਾਵਾਰੀ ਪ੍ਰੀਤਨਾਮਾ

Weekly Preetnama

www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD

Joga Singh
******************************
Jaswinder Singh New Jersey
******************************
Mindi Manak
NewYork
******************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
******************************
Dr. Jagdeep Dhimaan, India
*****************
Sarabjit Kaur Punjab
*********************
Sukhmandar Brar
(Bhagata Bhaika) Vancouver,

******************************
Sunil Kumar Gund
(Journalist) India
******************************
Raj Rani
Video editor
******************************
Jagmeet Kaur
97817-41631
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

# ਰੋਟੀ ਦਾ ਬਾਜ਼ਾਰ ਅਤੇ ਬਿਮਾਰੀਆਂ ਦੀ ਦਸਤਕ

ਲੇਖਕ : ਗੁਰਚਰਨ ਸਿੰਘ ਨੂਰਪੁਰ
ਸੰਪਰਕ: 98550-51099

ਰੋਟੀ ਹੁਣ ਬਹੁਤ ਵੱਡੀ ਫੂਡ ਇੰਡਸਟਰੀ ਬਣ ਗਈ ਹੈ। ਖਾਣ ਪੀਣ ਦੀਆਂ ਵਸਤਾਂ 'ਤੇ ਹਰ ਰੋਜ਼ ਬਾਜ਼ਾਰ ਦਾ ਗਲਬਾ ਵਧ ਰਿਹਾ ਹੈ ਅਤੇ ਹਰ ਦਿਨ ਸਾਡੇ ਘਰਾਂ ਵਿੱਚੋਂ ਰਸੋਈ ਦਾ ਮਹੱਤਵ ਘਟ ਰਿਹਾ ਹੈ।

ਕਿਸੇ ਵੇਲੇ ਕਿਰਤ ਨਾਲ ਜੁੜੇ ਪੰਜਾਬੀਆਂ ਦੀ ਰੋਟੀ ਉਨ੍ਹਾਂ ਦੇ ਮਗਰ ਖੇਤ ਜਾਂਦੀ ਸੀ। ਖੇਤ ਜਾਣ ਵਾਲੀ ਰੋਟੀ ਨੂੰ ਭੱਤਾ ਕਿਹਾ ਜਾਂਦਾ ਸੀ। ਕਿਸਾਨਾਂ ਦੀਆਂ ਔਰਤਾਂ ਖੇਤਾਂ ਵਿੱਚ ਕੰਮ ਕਰਦੇ ਜੀਆਂ ਲਈ ਭੱਤਾ ਲੈ ਕੇ ਖੇਤ ਜਾਂਦੀਆਂ ਸਨ। ਸਾਡੀ ਲੋਕਧਾਰਾ ਵਿੱਚ ਇਸ ਦਾ ਜ਼ਿਕਰ ਹੈ:

ਭੱਤਾ ਲੈ ਕੇ ਚੱਲੀ ਖੇਤ ਨੂੰ, ਜੱਟੀ ਪੰਦਰਾਂ ਮੁਰੱਬਿਆਂ ਵਾਲੀ।

ਕੋਈ ਵਕਤ ਸੀ ਜਦੋਂ ਪੰਜਾਬੀ ਖੇਤਾਂ ਵਿੱਚੋਂ ਮੂਲੀਆਂ, ਗਾਜਰਾਂ, ਸ਼ਲਗਮ ਪੁੱਟਦੇ ਤੇ ਖਾਂਦੇ ਸਨ। ਸ਼ਕਰਕੰਦੀ, ਹੋਲਾਂ, ਛੱਲੀਆਂ ਭੁੰਨੀਆਂ ਤੇ ਖਾਧੀਆਂ ਜਾਂਦੀਆਂ ਸਨ। ਲੋਕ ਗੰਨੇ ਚੂਪਦੇ ਸਨ ਤੇ ਤੰਦਰੁਸਤ ਰਹਿੰਦੇ ਸਨ। ਖਾਣਿਆਂ ਵਿੱਚ ਮੁਰਮੁਰੇ ਸਨ, ਭੁੱਜੇ ਕਣਕ ਦੇ ਦਾਣੇ, ਮੱਕੀ ਦੇ ਫੁੱਲੇ, ਛੋਲੇ ਤੇ ਚੌਲ ਸਨ। ਇਹ ਸਭ ਕੁਝ ਹੁਣ ਬੀਤੇ ਦੀ ਬਾਤ ਬਣ ਗਿਆ ਹੈ। ਹੁਣ ਇੱਕ ਇੱਕ ਖਾਣੇ ਨੂੰ ਬਣਾਉਣ ਦੀਆਂ ਸੈਂਕੜੇ ਵਿਧੀਆਂ ਵਿਕਸਤ ਹੋ ਗਈਆਂ ਹਨ। ਹੁਣ ਖਾਣਾ ਭੁੱਖ ਮਿਟਾਉਣ ਤੇ ਤੰਦਰੁਸਤੀ ਲਈ ਨਹੀਂ ਸਗੋਂ ਸੁਆਦ ਲਈ ਖਾਧਾ ਜਾਂਦਾ ਹੈ।

ਸਾਡਾ ਖਾਣਾ ਮੋਟੇ ਤੌਰ 'ਤੇ ਤਿੰਨ ਪ੍ਰਕਾਰ ਦਾ ਹੈ। ਇਹ ਤਿੰਨਾਂ ਕਿਸਮਾਂ ਦੇ ਖਾਣਿਆਂ 'ਤੇ ਹੁਣ ਬਾਜ਼ਾਰ ਕਾਬਜ਼ ਹੋ ਰਿਹਾ ਹੈ। ਤਿੰਨ ਪ੍ਰਕਾਰ ਦੇ ਖਾਣਿਆਂ ਵਿੱਚ ਪਹਿਲਾ ਕੁਦਰਤ ਤੋਂ ਸਿੱਧਾ ਲਿਆ ਖਾਣਾ ਜਿਵੇਂ ਅਮਰੂਦ, ਸੇਬ, ਸੰਤਰਾ, ਮਾਲਟਾ, ਕਿੰਨੂ, ਮੂਲੀ, ਗਾਜਰ, ਖੀਰਾ, ਅੰਬ, ਅੰਗੂਰ, ਪਪੀਤਾ, ਆਲੂ ਬੁਖਾਰਾ ਆਦਿ ਹੈ। ਦੂਜੀ ਪ੍ਰਕਾਰ ਦਾ ਖਾਣਾ ਹੈ ਜਿਵੇਂ ਆਲੂ, ਆਟਾ, ਚਾਵਲ, ਗੋਭੀ, ਭਿੰਡੀ, ਕੱਦੂ, ਕਰੇਲੇ, ਪਾਲਕ, ਸਾਗ, ਬੈਂਗਣ ਆਦਿ ਜੋ ਪਕਾਏ ਤੇ ਬਣਾਏ ਖਾਧੇ ਜਾਂਦੇ ਹਨ। ਤੀਜੀ ਕਿਸਮ ਦਾ ਖਾਣਾ ਉਹ ਹੈ ਜੋ ਪਸ਼ੂਆਂ ਤੋਂ ਆਉਂਦਾ ਹੈ ਜਿਵੇਂ ਦੁੱਧ, ਦਹੀਂ, ਲੱਸੀ, ਪਨੀਰ, ਮੱਖਣ, ਘਿਉ, ਮੀਟ, ਮੱਛੀ, ਆਂਡਾ ਜੋ ਪਸ਼ੂਆਂ ਤੋਂ ਆਉਂਦਾ ਹੈ। ਇਨ੍ਹਾਂ 'ਚੋਂ ਸਿੱਧੇ ਕੁਦਰਤ ਤੋਂ ਲੈ ਕੇ ਬਿਨਾਂ ਪਕਾਏ ਬਿਨਾਂ ਬਣਾਏ ਖਾਧੇ ਜਾਣ ਵਾਲੇ ਫਲ, ਸਬਜ਼ੀਆਂ ਤੇ ਸਲਾਦ ਸਿਹਤ ਲਈ ਵਧੇਰੇ ਲਾਹੇਵੰਦ ਮੰਨੇ ਜਾਂਦੇ ਹਨ। ਪੂਰੀ ਦੁਨੀਆ ਦੇ ਤਕਰੀਬਨ 90 ਫ਼ੀਸਦੀ ਲੋਕ ਮਾਸਾਹਾਰੀ ਹਨ। ਮਾਸ, ਮੱਛੀ, ਆਂਡੇ ਇਨ੍ਹਾਂ ਦੇ ਖਾਣੇ ਵਿੱਚ ਸ਼ਾਮਿਲ ਹੈ। ਜੀਵ ਵਿਕਾਸ ਦੀ ਸਮਝ ਰੱਖਣ ਵਾਲੇ ਮੰਨਦੇ ਹਨ ਕਿ ਜੇਕਰ ਆਦਿਕਾਲ ਦਾ ਮਨੁੱਖ ਮਾਸਾਹਾਰੀ ਨਾ ਹੁੰਦਾ ਤਾਂ ਸ਼ਾਇਦ ਅਜੋਕੀ ਸੱਭਿਅਤਾ ਤੱਕ ਵਿਕਾਸ ਸੰਭਵ ਨਾ ਹੁੰਦਾ।

ਹੁਣ ਸਾਡਾ ਖਾਣ-ਪੀਣ ਕੁਦਰਤੀ ਨਹੀਂ ਰਿਹਾ। ਇਸ ਵਿੱਚ ਕਈ ਤਰ੍ਹਾਂ ਦੇ ਕੈਮੀਕਲ ਪ੍ਰਵੇਸ਼ ਕਰ ਗਏ ਹਨ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਲਗਭਗ 90 ਫ਼ੀਸਦੀ ਬਿਮਾਰੀਆਂ ਗ਼ਲਤ ਖਾਣ ਪੀਣ ਨਾਲ ਹੁੰਦੀਆਂ ਹਨ। ਜਿਹੋ ਰਿਹਾ ਵਿਹਾਰ ਅਸੀਂ ਸਰੀਰ ਨਾਲ ਕਰਦੇ ਹਾਂ, ਅਗਲੇ ਦਿਨ ਇਹ ਸਾਨੂੰ ਇਸ ਦੀ ਸੂਚਨਾ ਦਿੰਦਾ ਹੈ ਕਿ ਕੱਲ੍ਹ ਤੁਸੀਂ ਜੋ ਖਾਧਾ ਸੀ ਉਹ ਸਰੀਰ ਲਈ ਠੀਕ ਨਹੀਂ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਲੋਕ ਪੰਜਾਹ ਸਾਲ ਦੀ ਉਮਰ ਤੱਕ ਪਹੁੰਚ ਕੇ ਵੀ ਸਰੀਰ ਦੀ ਲੋੜ ਨਹੀਂ ਸਮਝਦੇ। ਕੁਦਰਤ ਹਰ ਮੌਸਮ ਵਿੱਚ ਸਾਡੇ ਲਈ ਵੱਖਰਾ ਖਾਣਾ ਪੈਦਾ ਕਰਦੀ ਹੈ। ਪਰ ਅਸੀਂ ਗਰਮੀਆਂ ਦੀਆਂ ਸਬਜ਼ੀਆਂ ਤੇ ਫਲ ਸਰਦੀਆਂ ਵਿੱਚ ਖਾਣ ਲੱਗੇ ਹਾਂ ਅਤੇ ਸਰਦੀਆਂ ਦੇ ਫਲ ਸਬਜੀਆਂ ਗਰਮੀਆਂ ਵਿੱਚ। ਇਹ ਸਾਡੀ ਸਿਹਤ ਲਈ ਬੇਹੱਦ ਨੁਕਸਾਨਦਾਇਕ ਹੈ। ਸਾਨੂੰ ਸਿਰਫ਼ ਮੌਸਮ ਮੁਤਾਬਿਕ ਫਲ ਸਬਜ਼ੀਆਂ ਖਾਣੇ ਚਾਹੀਦੇ ਹਨ ਅਤੇ ਬੇਮੌਸਮੇ ਫਲ ਸਬਜ਼ੀਆਂ ਖਾਣ ਤੋਂ ਬਚਣਾ ਚਾਹੀਦਾ ਹੈ। ਆਯੁਰਵੇਦ ਵਿੱਚ ਇਸ ਨੂੰ ਰਿਤੂ ਸੰਧੀ ਕਹਿੰਦੇ ਹਨ। ਇਸ ਅਨੁਸਾਰ ਹਰ ਰੁੱਤ ਦੇ ਖਾਣੇ ਸਾਨੂੰ ਰੁੱਤ ਅਨੁਸਾਰ ਹੀ ਖਾਣੇ ਚਾਹੀਦੇ ਹਨ।

ਮਨੁੱਖੀ ਸੱਭਿਅਤਾ ਦੇ ਵਿਕਾਸ ਨਾਲ ਖਾਣੇ ਦਾ ਬਾਜ਼ਾਰ ਪ੍ਰਫੁੱਲਿਤ ਹੋ ਰਿਹਾ ਹੈ। ਵਿਕਸਤ ਮੁਲਕਾਂ ਵਿੱਚ ਘਰਾਂ ਵਿੱਚੋਂ ਰਸੋਈ ਰੁਖ਼ਸਤ ਹੋ ਰਹੀ ਹੈ। ਸਾਡੇ ਦੇਸ਼ ਵਿੱਚ ਵੀ ਵੱਡੇ ਸ਼ਹਿਰਾਂ ਵਿੱਚ ਘਰ ਰੋਟੀ ਪਕਾਉਣ ਦਾ ਰੁਝਾਨ ਹੁਣ ਘਟਣ ਲੱਗਾ ਹੈ। ਰੋਟੀ ਦੀ ਥਾਂ ਹੁਣ ਬਹੁਤ ਸਾਰੇ ਬਾਜ਼ਾਰੂ ਪਕਵਾਨਾਂ ਨੇ ਲੈ ਲਈ ਹੈ। ਖਾਣਿਆਂ ਦੇ ਸੁਆਦਾਂ ਨੂੰ ਤੇਜ਼ ਕਰਨ ਲਈ ਅਜੀਨੋਮੋਟੋ ਨਾਂ ਦਾ ਕੈਮੀਕਲ ਇਨ੍ਹਾਂ ਵਿੱਚ ਪਾਇਆ ਜਾਂਦਾ ਹੈ ਜੋ ਇਨਸਾਨੀ ਸਿਹਤ ਲਈ ਬੇਹੱਦ ਖ਼ਤਰਨਾਕ ਹੈ। ਅਜੀਨੋਮੋਟੋ ਸਫ਼ੇਦ ਰਵੇ (ਕ੍ਰਿਸਟਲ) ਦੇ ਰੂਪ ਵਿੱਚ ਹੁੰਦਾ ਹੈ ਜਿਸ ਨੂੰ ਦਾ ਵਿਗਿਆਨਕ ਨਾਂ ਮੋਨੋਸੋਡੀਅਮ ਗਲੂਟਾਮੇਟ ਹੈ। ਇਹ ਚਾਈਨੀਜ਼ ਨਮਕ ਹੈ ਜੋ ਮਿੱਠਾ, ਖੱਟਾ ਅਤੇ ਨਮਕੀਨ ਤਿੰਨ ਤਿੱਖੇ ਸਵਾਦਾਂ ਦਾ ਮਿਸ਼ਰਣ ਹੁੰਦਾ ਹੈ। ਇਹ ਸਵਾਦ ਹਰ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਖਾਣੇ ਨੂੰ ਲਜ਼ੀਜ਼ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ ਜਿਸ ਕਾਰਨ ਬੱਚੇ ਅਤੇ ਨੌਜੁਵਾਨ ਇਸ ਦਾ ਨਸ਼ੇ ਦੀ ਲਤ ਵਾਂਗ ਸ਼ਿਕਾਰ ਹੋ ਜਾਂਦੇ ਹਨ। ਨੂਡਲਜ਼, ਬਰਗਰਾ, ਪਿਜ਼ਿਆਂ ਤੋਂ ਇਲਾਵਾ ਪੈਕਟਾਂ ਵਿੱਚ ਬੰਦ ਲੂਣੀਆਂ ਕਰਾਰੀਆਂ ਖਾਣ ਵਾਲੀਆਂ ਵਸਤਾਂ ਵਿੱਚ ਅਜੀਨੋਮੋਟੋ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਇਹ ਖਾਣ ਵਾਲੇ ਬੱਚਿਆਂ ਦੇ ਮਨ 'ਤੇ ਇਨ੍ਹਾਂ ਦਾ ਅਜਿਹਾ ਪ੍ਰਭਾਵ ਪੈਂਦਾ ਹੈ ਕਿ ਉਨ੍ਹਾਂ ਨੂੰ ਫਲ ਫਿੱਕੇ ਤੇ ਬੇਸਵਾਦ ਲੱਗਣ ਲੱਗਦੇ ਹਨ। ਉਨ੍ਹਾਂ ਦੇ ਮਨ ਤੇਜ਼ ਲੂਣੇ ਕਰਾਰੇ ਮਿੱਠੇ ਖੱਟੇ ਸਵਾਦਾਂ ਦੇ ਆਦੀ ਹੋ ਜਾਂਦੇ ਹਨ। ਅਜੀਨੋਮੋਟੋ ਦਾ ਛੋਟਾ ਨਾਂ ਐਮ.ਐਸ.ਜੀ. ਵੀ ਹੈ। ਇਹ ਇੱਕ ਤਰ੍ਹਾਂ ਦਾ ਧੀਮਾ ਜ਼ਹਿਰ ਹੈ ਜੋ ਸਾਡੇ ਸਰੀਰ ਲਈ ਕਈ ਸਮੱਸਿਆਵਾਂ ਪੈਦਾ ਕਰਦਾ ਹੈ। ਇਹ ਸਿਰ ਭਾਰਾ ਹੋਣਾ, ਜੀਅ ਮਚਲਾਉਣਾ, ਮਾਈਗ੍ਰੇਨ (ਅੱਧੇ ਸਿਰ ਦੀ ਦਰਦ), ਮੋਟਾਪਾ, ਸ਼ੂਗਰ, ਹਾਰਟ ਅਟੈਕ, ਹਾਈ ਬਲੱਡ ਪ੍ਰੈਸ਼ਰ ਅਤੇ ਚਮੜੀ ਦੀਆਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬੱਚਿਆਂ ਲਈ ਅਜੀਨੋਮੋਟੋ ਬੇਹੱਦ ਮਾੜਾ ਰਸਾਇਣ ਹੈ। ਬੱਚੇ ਜੰਕ ਫੂਡ ਵਧੇਰੇ ਖਾਣ ਲੱਗੇ ਹਨ ਜਿਸ ਵਿੱਚ ਇਸ ਦੀ ਮਿਕਦਾਰ ਵੱਧ ਹੁੰਦੀ ਹੈ। ਇਹ ਬੱਚਿਆਂ ਵਿੱਚ ਮੋਟਾਪੇ ਦਾ ਕਾਰਨ ਤਾਂ ਬਣਦਾ ਹੀ ਹੈ ਸਗੋਂ ਬੱਚਿਆਂ ਦੀ ਮਾਨਸਿਕ ਸਿਹਤ ਲਈ ਵੀ ਬੇਹੱਦ ਘਾਤਕ ਸਿੱਧ ਹੁੰਦਾ ਹੈ। ਬੱਚੇ ਗੱਲ ਗੱਲ 'ਤੇ ਖਿਝਣ ਲੱਗਦੇ ਹਨ। ਗੁੱਸਾ ਤੇ ਬੈਚੈਨੀ ਮਹਿਸੂਸ ਕਰਦੇ ਹਨ। ਡਿਪਰੈਸ਼ਨ ਦਾ ਸ਼ਿਕਾਰ ਵੀ ਬਣਨ ਲੱਗਦੇ ਹਨ। ਇਸ ਨਾਲ ਬੱਚਿਆਂ ਦੇ ਕੱਦ ਦਾ ਵਾਧਾ ਵੀ ਰੁਕ ਜਾਂਦਾ ਹੈ। ਅਜੀਨੋਮੋਟੋ ਸਿਰਫ਼ ਚਾਈਨੀਜ਼ ਜੰਕ ਫੂਡ ਅਤੇ ਪੈਕਟ ਬੰਦ ਖਾਣਿਆਂ ਵਿੱਚ ਹੀ ਨਹੀਂ ਪਾਇਆ ਜਾਂਦਾ ਸਗੋਂ ਇਸ ਦੀ ਵਰਤੋਂ ਭਾਰਤੀ ਖਾਣਿਆਂ ਵਿੱਚ ਵੀ ਹੋਣ ਲੱਗੀ ਹੈ। ਹੋਟਲਾਂ, ਢਾਬਿਆਂ ਵਿੱਚ ਖਾਣੇ ਦੀ ਤਰੀ (ਗਰੇਵੀ) ਨੂੰ ਲਜ਼ੀਜ਼ ਬਣਾਉਣ ਲਈ ਇਹ ਪਾਇਆ ਜਾਂਦਾ ਹੈ।

ਅਜੋਕੇ ਦੌਰ ਵਿੱਚ ਬੋਤਲ ਬੰਦ ਜੂਸ ਪੀਣ ਦਾ ਵੀ ਰੁਝਾਨ ਹੈ। ਕੁਝ ਖ਼ਾਸ ਕਿਸਮ ਦੇ ਕੈਮੀਕਲ ਮਿਲਾ ਕੇ ਜੂਸ ਨੂੰ ਪਲਾਸਟਿਕ ਦੀਆਂ ਬੋਤਲਾਂ ਵਿੱਚ ਲੰਮੇ ਸਮੇਂ ਲਈ ਰੱਖਿਆ ਜਾਂਦਾ ਹੈ। ਇਹ ਕੈਮੀਕਲ ਸਾਡੀ ਸਿਹਤ ਲਈ ਬੇਹੱਦ ਹਾਨੀਕਾਰਕ ਹਨ। ਮੰਨ ਲਉ ਜੇਕਰ ਅੱਜ ਸਾਨੂੰ ਕੋਈ ਦਸ ਕਿਲੋ ਸੰਤਰੇ, ਲੀਚੀਆਂ ਜਾਂ ਅਨਾਰ ਦੇਵੇ ਅਤੇ ਕਹੇ ਕਿ ਇਸ ਦਾ ਜੂਸ ਕੱਢ ਕੇ ਰੱਖ ਲਓ ਛੇ ਮਹੀਨੇ ਮਗਰੋਂ ਪੀਵਾਂਗੇ ਤਾਂ ਇਹ ਕਿਵੇਂ ਰੱਖਿਆ ਜਾਣਾ ਹੈ ? ਇਸ ਤੋਂ ਅਸੀਂ ਡੱਬਾ ਬੰਦਾ ਜੂਸ ਦੀ ਹਕੀਕਤ ਸਮਜ ਸਕਦੇ ਹਾਂ। ਪਿਛਲੇ ਅਰਸੇ ਤੋਂ ਹਰ ਪ੍ਰਕਾਰ ਦੇ ਖਾਣੇ ਵਿੱਚ ਰਿਫਾਈਂਡ ਤੇਲ ਦੀ ਵਰਤੋਂ ਧੜੱਲੇ ਨਾਲ ਹੋਣ ਲੱਗੀ ਹੈ। ਡਾਕਟਰੀ ਵਿਗਿਆਨ ਅਨੁਸਾਰ ਇਸ ਸਮੇਂ ਰਿਫਾਈਂਡ ਤੇਲ ਦੁਨੀਆ ਵਿੱਚ ਸਭ ਤੋਂ ਵੱਧ ਮੌਤਾਂ ਦਾ ਕਾਰਨ ਬਣ ਰਿਹਾ ਹੈ। ਅਸੀਂ ਸਾਰੇ ਬੇਸ਼ੱਕ ਇਸ ਤੇਲ ਦੀ ਵਰਤੋਂ ਨਹੀਂ ਕਰਦੇ ਪਰ ਹਰ ਰੋਜ਼ ਕਿਸੇ ਨਾ ਕਿਸੇ ਰੂਪ ਵਿੱਚ ਇਸ ਨੂੰ ਖਾ ਰਹੇ ਹਾਂ। ਇੱਕ ਬਿਸਕੁਟ ਤੇ ਗੋਲਗੱਪੇ ਤੋਂ ਲੈ ਕੇ ਹਰ ਪ੍ਰਕਾਰ ਦੇ ਬਾਜ਼ਾਰੂ ਖਾਣੇ, ਮਠਿਆਈਆਂ ਅਤੇ ਚਿਕਨ ਤੱਕ ਬਣਾਉਣ ਲਈ ਇਸ ਦੀ ਵਰਤੋਂ ਹੁੰਦੀ ਹੈ। ਵਿਆਹਾਂ ਸ਼ਾਦੀਆਂ ਅਤੇ ਹੋਰ ਸਮਾਗਮਾਂ ਦੌਰਾਨ ਬਣਾਏ ਜਾਂਦੇ ਖਾਣਿਆਂ ਵਿੱਚ ਕਈ ਪੀਪੇ ਰਿਫਾਈਂਡ ਤੇਲ ਦੇ ਵਰਤੇ ਜਾਂਦੇ ਹਨ। ਇਸ ਤੇਲ ਵਿੱਚ ਬਣੇ ਖਾਣਿਆਂ ਨਾਲ ਦੁਨੀਆ ਭਰ ਵਿੱਚ ਹਾਈ ਬਲੱਡ ਪ੍ਰੈਸ਼ਰ, ਹਾਰਟ ਅਟੈਕ, ਜੋੜਾਂ ਦਾ ਦਰਦ, ਗੁਰਦਿਆਂ ਤੇ ਲਿਵਰ ਦੇ ਰੋਗੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਹੁਣ ਇਸ ਨੂੰ 'ਮੌਤ ਦਾ ਤੇਲ' ਵੀ ਕਿਹਾ ਜਾਣ ਲੱਗਿਆ ਹੈ। ਮਨੁੱਖੀ ਸਿਹਤ ਲਈ ਫ਼ਿਕਰਮੰਦੀ ਵਾਲੀ ਗੱਲ ਇਹ ਹੈ ਕਿ ਰੋਟੀ ਦਾ ਕਾਰੋਬਾਰ, ਭਾਵ ਫੂਡ ਇੰਡਸਟਰੀ ਬੜੀ ਤੇਜ਼ੀ ਨਾਲ ਵਧ ਫੁੱਲ ਰਹੀ ਹੈ। ਆਮ ਲੋਕਾਂ ਨੂੰ ਭਵਿੱਖ ਵਿੱਚ ਇਉਂ ਲੱਗੇਗਾ ਕਿ ਘਰ ਰੋਟੀ ਪਕਾਉਣੀ ਮਹਿੰਗੀ ਪੈਂਦੀ ਹੈ ਅਤੇ ਬਾਜ਼ਾਰੋਂ ਲੈਣੀ ਸਸਤੀ। ਇਸ ਦੇ ਫਲਸਰੂਪ ਰਸੋਈ ਸਾਡੇ ਘਰਾਂ ਵਿੱਚੋਂ ਵਿਦਾ ਹੋਣ ਲੱਗੇਗੀ। ਮਨੁੱਖੀ ਤੰਦਰੁਸਤੀ ਲਈ ਇਹ ਬੜਾ ਜ਼ਰੂਰੀ ਹੈ ਕਿ ਪਕਵਾਨ ਦੇਸੀ ਘਿਓ ਅਤੇ ਸਰ੍ਹੋਂ ਦੇ ਤੇਲ ਵਿੱਚ ਬਦਲ ਬਦਲ ਕੇ ਪਕਾਏ ਜਾਣ। ਜ਼ਿਮੀਦਾਰ ਵੱਧ ਤੋਂ ਵੱਧ ਸਬਜ਼ੀਆਂ, ਫਲ, ਦਾਲਾਂ, ਗੁੜ ਲਈ ਕਮਾਦ ਆਪਣੀ ਜ਼ਮੀਨ ਵਿੱਚ ਉਗਾਉਣ। ਘਰ ਦੇ ਦੁੱਧ ਲਈ ਗਾਵਾਂ, ਮੱਝਾਂ ਪਾਲੀਆਂ ਜਾਣ। ਬਾਜ਼ਾਰੂ ਖਾਣਿਆਂ ਤੋਂ ਜਿੰਨਾ ਹੋ ਸਕੇ ਬਚਿਆ ਜਾਵੇ। ਇਹ ਸਭ ਕੁਝ ਉਗਾਉਣ ਤੋਂ ਅਸਮਰੱਥ ਲੋਕ ਬਾਜ਼ਾਰ ਦੇ ਖਾਣਿਆਂ ਦੀ ਬਜਾਏ ਕਿਸਾਨਾਂ ਤੋਂ ਖਾਣ ਪੀਣ ਦੀ ਵਸਤਾਂ ਦੀ ਖਰੀਦਣ। ਇਸ ਨਾਲ ਹੀ ਸਾਡਾ ਸਮਾਜ ਸਿਹਤਮੰਦ ਰਹਿ ਸਕਦਾ ਹੈ।



Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 313

Website: www.preetnama.com Email preetnamausa@gmail.com

25 JULY TO 31 JULY ,2025

# भारत की आर्थिक प्रगति में अब तो ईश्वर भी सहयोग कर रहा है

कुछ दिनों पूर्व भारत में दो विशेष घटनाएं हुई, परंतु देश के मीडिया में उनका पर्याप्त वर्णन होता हुआ दिखाई नहीं दिया है। प्रथम, भारत के अंडमान एवं निकोबार द्वीप समूह के क्षेत्र में कच्चे तेल के अपार भंडार होने का पता लगा है, कहा जा रहा है कि कच्चे तेल का यह भंडार इतनी भारी मात्रा में है कि भारत, कच्चे तेल सम्बंधी, न केवल अपनी आवश्यकताओं की पूर्ति कर पाएगा बल्कि कच्चे तेल का निर्यात करने की स्थिति में भी आ जाएगा। यदि भारत को कच्चे तेल की उपलब्धि पर्याप्त मात्रा में हो जाती है तो इसका प्रसंस्करण कर, डीजल एवं पेट्रोल के रूप में, पूरी दुनिया की खपत को पूरा करने की क्षमता को भी भारत विकसित कर सकता है। भारत में विश्व की सबसे बड़ी रिफाइनरी गुजरात के जामनगर में पूर्व में ही स्थापित है। अत: कच्चे तेल के साथ साथ डीजल एवं पेट्रोल का भी भारत सबसे बड़ा निर्यातक देश बन सकता है। जैसा कि दावा किया जा रहा है, यदि यह दावा सच्चाई के धरातल पर खरा उतरता है तो आगे आने वाले समय में भारत का विश्व में पुन: 卐सोने की चिड़िया卐 बनना लगभग तय है। भारत आज पूरे विश्व में कच्चे तेल का चीन एवं अमेरिका के बाद सबसे बड़ा आयातक देश है और विदेशी व्यापार के अंतर्गत भी कच्चे तेल के आयात पर ही सबसे अधिक विदेशी मुद्रा खर्च हो रही है। कच्चे तेल का उत्पादन यदि भारत में ही होने लगता है तो न केवल इसके आयात पर होने वाले भारी मात्रा में विदेशी मुद्रा के खर्च को बचाया जा सकेगा बल्कि पेट्रोल एवं डीजल के निर्यात से विदेशी मुद्रा का भारी मात्रा में अर्जन भी किया जा सकेगा। जिसके कारण, भारत में विदेशी मुद्रा के भंडार में अतुलनीय बचत एवं संचय होता हुआ दिखाई देगा और इस प्रकार भारत विश्व में विदेशी मुद्रा का सबसे बड़ा संचयक देश बन सकता है। वर्तमान में भारत कच्चे तेल की अपनी कुल आवश्यकता का 85 प्रतिशत से अधिक हिस्सा लगभग 42 देशों से प्रतिवर्ष आयात करता है। भारत कच्चे तेल की अपनी कुल खरीद का 46 प्रतिशत हिस्सा पश्चिम एशिया के देशों से आयात करता है। वर्तमान में भारत द्वारा कच्चे तेल एवं गैस के आयात पर 10,000 करोड़ अमेरिकी डॉलर से अधिक की राशि खर्च प्रतिवर्ष किया जा रहा है।

भारत सरकार के पेट्रोलीयम मंत्री श्री हरदीपसिंह जी पुरी ने जानकारी प्रदान की है कि अंडमान एवं निकोबार के समुद्री क्षेत्र में कच्चे तेल एवं गैस का बहुत बड़ा भंडार मिला है। एक अनुमान के अनुसार यह भंडार 12 अरब बैरल (2 लाख करोड़ लीटर) का हो सकता है जो हाल ही में गुयाना में मिले कच्चे तेल के भंडार जितना ही बड़ा है। गुयाना में



11.6 अरब बैरल कच्चे तेल एवं गैस के भंडार पाए गए है। इस भंडार के बाद गुयाना कच्चे तेल के उत्पादन के मामले में विश्व में शीर्ष स्थान पर पहुंच सकता है जबकि अभी गुयाना का विश्व में 17वां स्थान है।

वर्ष 1947 में प्राप्त हुई राजनैतिक स्वतंत्रता के बाद के लगभग 70 वर्षों तक भारत की समुद्री सीमा की क्षमता का उपयोग करने का गम्भीर प्रयास किया ही नहीं गया था। हाल ही में भारत सरकार द्वारा इस संदर्भ में किए गए प्रयास सफल होते हुए दिखाई दे रहे हैं। अंडमान एवं निकोबार द्वीप समूह के समुद्री क्षेत्र में कच्चे तेल एवं गैस के भारी मात्रा में जो भंडार मिले हैं उनका अन्वेषण का कार्य समाप्त हो चुका है एवं अब ड्रिलिंग का कार्य प्रारम्भ किया जा रहा है। ड्रिलिंग का कार्य समाप्त होने के बाद कच्चे तेल एवं गैस के भंडारण का सही आंकलन पूर्ण कर लिया जाएगा। अंडमान एवं निकोबार द्वीप समूह में आधारभूत संरचना का विकास भी बहुत तेज गति से किया जा रहा है। इंडोनेशिया के सुमात्रा क्षेत्र के समुद्रीय इलाकों से भी भारी मात्रा में कच्चा तेल निकाला जा रहा है तथा भारत का अंडमान एवं निकोबार द्वीप समूह भी इंडोनेशिया से कुछ ही दूरी पर स्थित है। इसके कारण यह आंकलन किया जा रहा है कि अंडमान एवं निकोबार द्वीप समूह के समुद्रीय क्षेत्र में भी कच्चे तेल एवं गैस के अपार भंडार मौजूद हो सकते है। हर्ष का विषय यह भी है कि इस क्षेत्र में कच्चे तेल एवं गैस के साथ साथ अन्य दुर्लभ भौतिक खनिज पदार्थों (रेयर अर्थ मिनरल/मेटल) के भारी मात्रा में मिलने की सम्भावना भी व्यक्त की जा रही है। भारी मात्रा में मिलने जा रहे कच्चे तेल के चलते भारत अपनी परिष्करण क्षमता को बढ़ाने पर विचार कर रहा है। चूंकि चीन ने कुछ दुर्लभ भौतिक खनिज पदार्थों का भारत को निर्यात करना बंद कर दिया है अत: भारत के अंडमान एवं निकोबार द्वीप समूह में इन पदार्थों का मिलना भारत के लिए बहुत बड़ी खुशखबर है। पूर्व में भी भारत में कच्चे तेल एवं गैस के भंडार का पता चला था, जैसे बॉम्बे हाई, काकीनाड़ा, बलिया एवं समस्तिपुर, आदि। इन समस्त स्थानों पर कच्चे तेल को निकालने के संबंध में आवश्यक कार्य प्रारम्भ हो चुका है। दरअसल, इस कार्य में पूंजीगत खर्च बहुत अधिक मात्रा में होता है। जापान, रूस एवं अमेरिका से तकनीकी सहायता प्राप्त करने के लिए इन देशों की बड़ी कम्पनियों के साथ करार करने के प्रयास भी भारत सरकार द्वारा किए जा रहे हैं। भारत का समुद्रीय क्षेत्र 5 लाख किलोमीटर का है। इसी प्रकार, पश्चिम बंगाल के समुद्रीय इलाके में भी खोज जारी है एवं इस क्षेत्र में भी कच्चे तेल एवं गैस के भंडार मिलने की सम्भावना व्यक्त की जा रही है। अंडमान एवं निकोबार क्षेत्र में कच्चे तेल का उत्पादन प्रारम्भ होने के पश्चात आगामी लगभग 70 वर्षों तक भारत को कच्चे तेल के आयात की जरूरत ही नहीं पड़ेगी।

द्वितीय शुभ समाचार यह प्राप्त हुआ है कि भारत के कर्नाटक राज्य में कोलार क्षेत्र में स्थित अपनी सोने की खदानों में भारत एक बार पुन: खनन की प्रक्रिया को प्रारम्भ करने के सम्बंध में विचार कर रहा है। कोलार गोल्ड फील्ड (चलस्र) को वर्ष 2001 में खनन की दृष्टि से बंद कर दिया गया था। परंतु, अब 25 वर्ष पश्चात स्वर्ण की इन खदानों में खनन की प्रक्रिया को पुन: प्रारम्भ किए जाने के प्रयास किए जा रहे हैं। इस संदर्भ में कर्नाटक सरकार ने भी अपनी मंजूरी प्रदान कर दी है। आज पूरे विश्व में सोने की कीमतें आसमान छूते हुए दिखाई दे रही है और विभिन्न देशों के केंद्रीय बैंक अपने सोने के भंडार में वृद्धि करते हुए दिखाई दे रहे हैं क्योंकि अमेरिकी डॉलर पर इन देशों का विश्वास कुछ कम होता जा रहा है। बहुत सम्भव है कि आगे आने वाले समय में अमेरिकी डॉलर के बाद एक बार पुन: स्वर्ण मुद्राएं ही अंतरराष्ट्रीय स्तर पर होने वाले व्यापार के भुगतान का माध्यम बनें। ऐसे समय में भारत के कोलार क्षेत्र में स्थित स्वर्ण की खदानों में एक बार पुन: खनन की प्रक्रिया को प्रारम्भ करना एक अति महत्वपूर्ण निर्णय कहा जा सकता है। कोलार स्थित स्वर्ण की इन खदानों में 750 किलोग्राम स्वर्ण की प्राप्ति की सम्भावना व्यक्त की जा रही है। प्राचीन काल में कोलार गोल्ड फील्ड को गोल्डन सिटी आफ इंडिया कहा जाता था।

प्राचीन काल में में भारत को 卐सोने की चिड़िया卐 कहा जाता था। एक अनुमान के अनुसार, भारतीय महिलाओं के पास 25,000 से 26,000 टन स्वर्ण का भंडार है। यह भी कहा जा रहा है कि भारत की महिलाओं के पास स्वर्ण का जितना भंडार है लगभग उतना ही भंडार पूरे विश्व में अन्य देशों के पास है। अर्थात, पूरे विश्व में उपलब्ध स्वर्ण का आधा भाग भारतीय महिलाओं के पास आज भी उपलब्ध है। ब्रिटिश सरकार द्वारा भारत में स्थापित अपनी सत्ता के खंडकाल के दौरान लगभग 900 टन स्वर्ण, कोलार की खदानों से निकालकर, ब्रिटेन लेकर जाया गया था। भारत की केंद्रीय बैंक, भारतीय रिजर्व बैंक, के पास आज 880 टन स्वर्ण के भंडार हैं, जो कि भारत के 69,700 करोड़ अमेरिकी डॉलर के विदेशी मुद्रा भंडार का 12 प्रतिशत हिस्सा है। हाल ही के समय में विदेशी निवेशकों का भारत पर विश्वास बढ़ा है अत: भारत का स्वर्णिम काल पुन: प्रारम्भ हो रहा है। विश्व के विभिन्न देशों के केंद्रीय बैंकों के पास आज 36,000 टन स्वर्ण का भंडार हैं, जबकि इनमे से कई देशों के केंद्रीय बैंक अभी भी स्वर्ण की खरीदी करते जा रहे हैं। स्वर्ण भंडार की दृष्टि से भारत का आज विश्व में 8वां स्थान है। चीन एवं रूस स्वर्ण के सबसे बड़े उत्पादक देश हैं फिर भी ये दोनों देश स्वर्ण का आयात भी जारी रखे हुए हैं। लगातार, पिछले 3 वर्षों से विभिन्न देशों के केंद्रीय बैंक लगभग 1,000 टन स्वर्ण की खरीद प्रतिवर्ष कर रहे हैं। स्वर्ण की खरीदी का यह कार्य रुकने वाला नहीं है आगे भी ऐसे ही चलता रहेगा। अत: भारत सरकार द्वारा भी कोलार गोल्ड फील्ड में स्वर्ण के खनन का कार्य प्रारम्भ किया जा रहा है। स्वर्ण के भंडार बढ़ने के साथ भारत, रुपए का अंतरराष्ट्रीयकरण कर सकता है। साथ ही, स्वर्ण के भंडार बढ़ने के साथ ही अंतरराष्ट्रीय बाजार में रुपए की कीमत भी बढ़ती जाएगी।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 313
Website: www.preetnama.com Email preetnamausa@gmail.com
25 JULY TO 31 JULY ,2025

# दिखेंगी जवान एवं खूबसूरत, रोजाना करें 4 फेशियल योगा



फेशियल योगा के लिए 15 मिनट रोजाना निकालना चाहिए। हालांकि हम पूरे दिन हाथ-पैर का उपयोग करते हैं, इसलिए वह एक्टिव रहते हैं। लेकिन फेस की मसल्स ज्यादा एक्टिव नहीं होती है। इससे चेहरे की स्किन ढीली होकर लटकने लगती है। फेशियल योगा के बारे में तो हम सबने बहुत कुछ सुना है। लेकिन क्या आपको मालूम के रोजाना फेशियल योगा करने से आप 45 साल की उम्र से अधिक होने के बाद भी 10 साल कम नजर आएंगी। अगर आप रोजाना सही तरीके से फेशियल योगा करती हैं, तो इससे फेस पर झुर्रियां और झाइयां दोनों ही कम नजर आती है। इससे आपकी उम्र का अंदाजा कोई नहीं लगा सकता है। इसलिए हर महीने रोजाना 1 घंटा अपने लिए जरूर निकालना चाहिए और एक्सरसाइज करनी चाहिए।

**फेशियल योगा**

बता दें कि फेशियल योगा करने से पहले फेस की स्किन में ब्लड सर्कुलेशन अच्छा होता है। इसको करने से स्किन ग्लोइंग बनती है और मसल्स भी एक्टिव रहती हैं और फैट जमा नहीं होता है। फेस का शेप अच्छा रहता है और स्किन ढीली नहीं पड़ती है। इन फेशियल योगा को करने से रिंकल्स, एजिंग स्पॉट्स और पिगमेंटेशन की परेशानी नहीं होती है।

**फेशियल योगा 2.**

इस योगा को करने से होंठों के आसपास आने वाली फाइन लाइंस हल्की पड़ जाती है। अगर आप भी चाहती हैं कि यह फाइन लाइंस नहीं आए, तो आपको पहले से ही यह योगा करना शुरूकर देना चाहिए। इस फेशियल योगा को करने से पहले फेस को थोड़ा सा वॉर्मअप कर लें। वॉर्मअप के लिए मुंह में हवा भरकर 2 सेकेंड के लिए होल्ड करें और फिर हवा छोड़ दें। ऐसा कम से कम 10 बार करें। अब होंठों को ओ शेप में लाएं। 1 मिनट तक इस पोजीशन में खुद होल्ड करें और फिर सामान्य जैसे हो जाएं। इसको 20 के सेट में कम से कम 5 बार करें। हर सेट के पूरा होने के बाद 2 सेकेंड का ब्रेक लें।

**मंकी माउथ फेशियल योगा**

यह फेशियल योगा नाम और होंठों के आसपास की फाइन लाइंस को कम करता है। वहीं होंठों को भी लटकने से बचाता है। इस योगा को करने के लिए दोनों होठों को दांतों से अंदर की ओर दबा लें। होंठों को दांतों से आराम से दबाएं। अब होंठों के कॉर्नर पर दोनों उंगलियों को रखें और ऊपर की तरफ होंठों को स्ट्रेच करें। इस दौरान आपका फेस बिल्कुल मंकी माउथ जैसा लगता है। इस फेशियल योगा को 20 के सेट में कम से कम 3 बार करें। वहीं हर सेट के बाद 2 सेकेंड का ब्रेक लें। आपको यह योग दिन में कम से कम 2 बार करना चाहिए। काऊ फेस फेशियल योगा काऊ फेस फेशियल योगा चीक बोन को शेप में लाने के लिए बेस्ट है। यह योग होंठों के आसपास की स्किन के ढीलेपन को कम करता है। इस आसन को करना बहुत आसान है। इस फेशियल योगा को करने के लिए अपर और लोअर लिप्स को अंदर की तरफ मोड़ें। लेकिन इस बार होंठों को दांतों से नहीं दबाना है। अब दो उंगलियां चीक बोन के लेवल पर नाक की दोनों साइड पर रखना है और स्किन को स्ट्रेस करना है। इस पोजीशन को कम से कम 1 मिनट कर करें। दिन भर में 2-3 बार 5 के सेट में 20 बार यह योग करें। हर सेट के बाद आपको कुछ समय के लिए ब्रेक लेना है। फेस अप फेशियल योगा अगर आपको भी डबल चिन की समस्या है, तो फेस अप फेशियल योगा बेस्ट ऑप्शन हो सकता है। आप दिन भर में जब समय मिले, तब यह योगा कर सकती हैं। इस आसन को करने के लिए सबसे पहले फेस को ऊपर की ओर उठाएं। जब गले की स्किन में खिंचाव महसूस होने लगे, तो समझ जाना चाहिए कि फेस को सही डिग्री पर टिल्ट अप किया है। फिर लोअर लिप्स को थोड़ा आगे निकालकर ऊपर-नीचे तेजी से करें। इससे आपकी स्किन में ज्यादा खिंचाव महसूस होगी। इस योग के 10 सेट कम से कम 3 बार करें।

# बारिश के मौसम में वाटरप्रूफ मेकअप बड़ी चुनौती

महिलाओं को मेकअप करने का काफी शौक होता है, लेकिन बारिश के मौसम में अगर बाहर निकलते हुए भीग जाएं तो मेकअप को संभालना करना काफी चुनौतीपूर्ण हो जाता है/ क्योंकि मानसून में नमी और पसीने के कारण मेकअप पिघल या फैल जाता है और स्किन काफी चिपचिपी सी दिखने लगती है/ ऐसे में मेकअप लगाना काफी तनावपूर्ण हो सकता है। इसलिए बारिश के मौसम में घर से बाहर निकलने से पहले मेकअप के लिए जरुरी टिप्स आप जरूर जान लीजिए ताकि आपका मेकअप खराब न हो

**1 हाइड्रेटिंग प्राइमर का इस्तेमाल करें**

मानसून में मौसम में ह्युमिडिटी बढ़ने से आपकी त्वचा ज्यादा तैलीय हो जाती है/ इसलिए त्वचा को मॉइस्चराइज करने और मेकअप को मैल्ट होने से बचाने के लिए मेकअप करने से पहले हाइड्रेटिंग प्राइमर लगाएं/

**2 --त्वचा की उचित देखभाल**

बदलते मौसम में डेली स्किन केयर रूटीन को फॉलो करना जरूरी है/आप फेस क्लीनिंग के बाद मॉइश्चराइजर लगाएं और सनस्क्रीन लगाना न भूलें/ लिक्विड या क्रीम फाउंडेशन के बजाय ऑयल.फ्री मॉइश्चराइजर का हल्का कोट लगाया जा सकता है, टच.अप के लिए हल्का कॉम्पैक्ट पाउडर लगा सकती हैं/ कुछ लोग गर्मी में स्किन को कभी भी मॉइस्चर नहीं करते हैं, इससे चेहरे पर पसीना आता है और आपका मेकअप फैलने लगता है/ आपको ऐसा मॉइस्चराइजर चुनना चाहिए जो ऑयल फ्री और नॉन.कॉमेडोजेनिक हो/ इनके इस्तेमाल से पोर्स बंद नहीं होते हैं और स्किन भी हाइड्रेटेड बनी रहती है यदि आप घर पर हैं तो मेकअप अप्लाई करने से पहले फेस को जरूर मॉइस्चर करें स्किन केयर रूटीन को स्किप करने की गलती नहीं करें

**3 बारिश के मौसम में कम से कम मेकअप करें और इसे अच्छे से ब्लेन्ड करें। नेचुरल तरीकों से ग्लो बढ़ाने की कोशिश करें/**

मानसून में हैवी मेकअप पसीने और नमी की वजह से जल्दी फैल सकता है, ऐसे में लाइट और वॉटरप्रूफ मेकअप का इस्तेमाल करें ताकि स्किन को सांस लेने का मौका मिल सके और पिंपल्स न निकलें/

**4 वाटरप्रूफ मेकअप प्रोडक्ट चुने**

बारिश और नमी के कारण मेकअप जल्दी खराब हो सकता है/ इसलिए वाटरप्रूफ फाउंडेशन, काजल और मस्कारा का उपयोग करें/ ये प्रोडक्ट मेकअप को लंबे समय तक टिकाए रखते हैं क्रीम आधारित सौन्दर्य उत्पादों की जगह पाउडर आधारित सौन्दर्य उत्पादों का उपयोग करें। लूज पाउडर के बजाय कॉम्पैक्ट पाउडर लंबे समय तक चलता है और एक स्मूथ फिनिश देता है/ मेकअप को टच देने के लिए कॉम्पैक्ट पाउडर कैरी करें/ 5 मानसून के दौरान हमेशा इस बात का ध्यान रखें कि आपका ब्लश सौम्य और परिधान को सूट करते हुए होना चाहिए/ पाउडर आईशैडो खरीदें क्योंकि ये क्रीम आई शैडो के मुकाबले ज्यादा देर तक टिके रहते हैं/ हल्का रंग का थोड़ा सा आई शैडो लगाएं/

**6 अच्छी गुणवत्ता के उत्पाद उपयोग करें**

मानसून सीजन के दौरान अच्छी गुणवत्ता के मस्कारा, फाउंडेशन, लिपस्टिक, आई लाइनर और हाइलाइटर जैसे सौन्दर्य उत्पादों का उपयोग करें / इनके उपयोग से त्वचा पर चिपचिपापन नहीं आता और अट्रैक्टिव और बोल्ड लुक मिलता है । स्किन टोन के लिए ये प्रोडक्ट्स काफी सारे शेड्स में आते हैं।

Preetnama
ਪ੍ਰੀਤਨਾਮਾ ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 313
Website: www.preetnama.com Email preetnamausa@gmail.com
25 JULY TO 31 JULY ,2025

# Let's meet "Turbaned Tornado" Fauja Singh, who was an inspiration to youths

Fauja Singh, recognized as the oldest distance runner globally, tragically passed away in a road accident in India at the age of 114. Singh, an Indian-born British national known as the “Turbaned Tornado,” tragically lost his life on Monday after being struck by a vehicle in the Jalandhar district of Punjab state. He was a legend. He was a matter of pride for the Sikh world.

His contributions to the Sikh community throughout the globe have been quite significant. It is certain that his life will serve as a model and a wellspring of motivation for the approaching generation. One thing that should be taken away from Fauja Singh's healthy life is that age cannot become a barrier in the road of any success, given that a person's resolve is strong, the goal is established, and the effort is done with sincerity. We should learn this lesson from his healthy life.

Even after facing many setbacks in life, he achieves such fame. In 1992, his wife, Gian Kaur, passed away. Not only that, in 1994, his son Kuldeep Singh and a daughter also passed away, but Fauja Singh did not give up on life. He remained resilient.

Fauja Singh, the world's oldest marathoner, chose to hang up his boots and retire from competitive running at the age of 102.

He regarded these setbacks as an intellectual challenge and adeptly realigned his life. Observe the remarkable fortitude and resilience he exhibits; despite enduring three setbacks, at the age of 81, he embarked on an interest in marathon running, transforming his sorrow into a profound sense of patience and fulfillment. To achieve this objective, Fauja Singh commenced his training under the guidance of Harminder Singh in London. This further elucidates that attaining any objective necessitates the acquisition of fundamental education.

Fauja Singh took up marathon running seriously at the age of 89 and started participating in international competitions. In the year 2000, he ran and completed his first marathon at the age of 90. He could easily run 20 kilometres.

Similarly, at the age of 93, he completed a marathon in 6 hours and 54 minutes, which was 58 minutes faster than the world's best record for the over-90s.

This brave Sikh gained more fame in 2011 when he completed the 'London Marathon 'in the 100-year-old age group and set a record in the centenarian age group. In October 2011, at the age of 100, he set 8 world age group records in the 100, 200, 400, 800, 1500, 3000, and 5000 meter events at the special ‘Ontario Masters Association Fauja Singh International Meet’ held at Birchmount Stadium in Toronto, Ontario, Canada.

ਜੇ ਬਜਟ ਦੀ ਗੱਲ ਕਰਨੀ ਹੋਵੇ ਤਾਂ ਜਦੋਂ ਤੋਂ ਇਹ ਯੋਜਨਾ ਸ਼ੁਰੂ ਹੋਈ ਹੈ ਇਸ ਦਾ ਬਜਟ ਹਰ ਸਾਲ ਘਟਦਾ ਆਇਆ ਹੈ। ਜਦੋਂ ਦੀ ਭਾਜਪਾ ਸਰਕਾਰ ਆਈ ਹੈ ਇਸ ਦੇ ਬਜਟ ਵਿੱਚ ਭਾਰੀ ਘਾਟਾ ਹੋਇਆ ਹੈ। ਸ਼ੁਰੂ ਵਿੱਚ ਇਸ ਦਾ ਬਜਟ 52,000 ਕਰੋੜ ਸੀ ਜੋ ਹੁਣ ਘਟਦਾ-ਘਟਦਾ 36,500 ਕਰੋੜ 'ਤੇ ਆ ਗਿਆ ਹੈ। ਇਸ ਤੋਂ ਬਿਨ੍ਹਾਂ ਇਸ ਬਜਟ ਦਾ ਅੱਧਾ ਹਿੱਸਾ ਵੀ ਨਹੀਂ ਖਰਚ ਕੀਤਾ ਜਾਂਦਾ। ਸਾਲ 2011 ਵਿੱਚ ਇਸ ਲਈ 47,934 ਕਰੋੜ ਰੁਪਏ ਰੱਖੇ ਗਏ ਸਨ ਪਰ ਇਸ ਚੋਂ 37,657 ਕਰੋੜ ਹੀ ਖਰਚ ਹੋਇਆ ਸੀ, ਇਸੇ ਤਰ੍ਹਾਂ ਪੰਜਾਬ ਵਿੱਚ ਵੀ 600 ਕਰੋੜ ਰੁਪਏ ਸਲਾਨਾ ਰੱਖੇ ਜਾਂਦੇ ਹਨ ਜਿਸ 'ਚੋਂ ਅੱਧ ਵੀ ਖਰਚ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਲੋਕ ਭਲਾਈ ਦੇ ਦਾਅਵੇ ਕਰਨ ਵਾਲ਼ੀਆਂ ਬਾਕੀ ਯੋਜਨਾਵਾਂ ਦੀ ਤਰ੍ਹਾਂ ਇਹ ਯੋਜਨਾ ਵੀ ਮਜ਼ਦੂਰਾਂ ਦੀ ਭਲਾਈ ਕਰਨ 'ਚ ਅਸਫਲ ਸਾਬਿਤ ਹੋ ਰਹੀ ਹੈ। ਅਸਲ ਵਿੱਚ ਮਗਨਰੇਗਾ ਯੋਜਨਾ ਸ਼ੁਰੂ ਕਰਨ ਦਾ ਸਰਮਾਏਦਾਰਾਂ ਦੀਆਂ ਸਰਕਾਰਾਂ ਦਾ ਮਕਸਦ ਮਜਦੂਰਾਂ ਨੂੰ ਚੰਗਾ ਰੁਜ਼ਗਾਰ ਦੇਕੇ ਉਹਨਾਂ ਦਾ ਜੀਵਨ ਬਿਹਤਰ ਬਣਾਉਣਾ ਕਦੇ ਵੀ ਨਹੀਂ ਸੀ। ਇਸਨੂੰ ਸ਼ੁਰੂ ਕਰਨ ਪਿਛਲਾ ਅਸਲ ਕਾਰਨ ਇਹ ਸੀ ਕਿ ਭਾਰਤ ਵਿੱਚ ਹੋਏ ਸਰਮਾਏਦਾਰਾ ਵਿਕਾਸ ਕਾਰਨ ਸਮਾਜ ਵਿੱਚ ਅਮੀਰ ਤੇ ਗਰੀਬ ਦਾ ਧਰੁਵੀਕਰਨ ਵਧ ਰਿਹਾ ਹੈ। 1991 ਤੋਂ ਸ਼ੁਰੂ ਕੀਤੀਆਂ ਨਿੱਜੀਕਰਨ, ਉਦਾਰੀਕਰਨ ਦੀਆਂ ਨੀਤੀਆਂ ਮਗਰੋਂ ਇਹ ਧਰੁਵੀਕਰਨ ਹੋਰ ਤੇਜ ਹੋਇਆ ਹੈ। ਛੋਟੇ ਮਾਲਕਾਂ, ਕਿਸਾਨਾਂ, ਕਾਰੋਬਾਰੀਆਂ ਆਦਿ ਦਾ ਇੱਕ ਵੱਡਾ ਹਿੱਸਾ ਲਗਾਤਾਰ ਉੱਜੜ ਕੇ ਮਜ਼ਦੂਰਾਂ ਦੀਆਂ ਸਫਾਂ 'ਚ ਰਲ ਰਿਹਾ ਹੈ। ਤੇਜੀ ਨਾਲ਼ ਵਧ ਰਹੀ ਮਜ਼ਦੂਰ ਅਬਾਦੀ ਨੇ ਪਿੰਡਾਂ 'ਚ ਰੁਜ਼ਗਾਰ ਨਾ ਹੋਣ ਕਾਰਨ ਸ਼ਹਿਰ ਵੱਲ ਚਾਲੇ ਤੇਜ ਕਰ ਦਿੱਤੇ। ਇਸ ਨਾਲ਼ ਸ਼ਹਿਰਾਂ 'ਚ ਮਜ਼ਦੂਰਾਂ ਦੀ ਵੱਡੀ ਗਿਣਤੀ ਬੇਚੈਨ ਮਜ਼ਦੂਰਾਂ ਦੇ ਇਕੱਠੇ ਹੋਣ ਦਾ ਖਤਰਾ ਸ਼ੁਰੂ ਹੋ ਗਿਆ ਜੋ ਜਥੇਬੰਦ ਹੋਕੇ ਇਸ ਸਰਮਾਏਦਾਰ ਜਮਾਤ ਲਈ ਮੌਤ ਦੀ ਘੰਟੀ ਬਣਨਗੇ। ਇਸ ਕਰਕੇ ਮਗਨਰੇਗਾ ਯੋਜਨਾ ਸ਼ੁਰੂ ਕੀਤੀ ਗਈ ਕਿ ਡੰਗ-ਟਪਾਊ ਰੁਜ਼ਗਾਰ ਦੇਕੇ ਪਿੰਡਾਂ ਤੋਂ ਸ਼ਹਿਰਾਂ ਵੱਲ ਇਸ ਅਬਾਦੀ ਦੇ ਪਰਵਾਸ ਨੂੰ ਕੁੱਝ ਧੀਮਾ ਕੀਤਾ ਜਾ ਸਕੇ ਤੇ ਇਸ ਮਜ਼ਦੂਰ ਜਮਾਤ ਦੀ ਵਿਸਫੋਟਕ ਹਾਲਤ ਨੂੰ ਟਾਲਿਆ ਜਾ ਸਕੇ। ਇਸ ਕਰਕੇ ਇਸ ਯੋਜਨਾ ਵਿੱਚ ਕੰਮ ਦੇ ਦਿਨਾਂ ਦੀ ਗਿਣਤੀ ਤੇ ਦਿਹਾੜੀ ਨਿਗੂਣੀ ਰੱਖੀ ਗਈ ਹੈ। ਸਰਮਾਏਦਾਰ ਜਮਾਤ ਦੇ ਇਹਨਾਂ ਲੁਕਵੇਂ ਮਨਸ਼ਿਆਂ ਨਾਲ਼ ਸ਼ੁਰੂ ਕੀਤੀ ਇਸ ਯੋਜਨਾ ਨੂੰ ਸਰਕਾਰੀ ਤੰਤਰ ਵੱਲੋਂ ਪੇਂਡੂ ਵਿਕਾਸ ਤੇ ਗਰੀਬਾਂ ਦੀ ਭਲਾਈ ਦੀ ਯੋਜਨਾ ਕਹਿ ਕੇ ਪ੍ਰਚਾਰਿਆ ਗਿਆ। ਦੂਜੇ ਪਾਸੇ ਇਸ ਯੋਜਨਾ ਨੇ ਸਰਮਾਏਦਾਰ ਸਰਕਾਰਾਂ ਨੂੰ ਇਹ ਕਬੂਲਣ ਲਈ ਮਜ਼ਬੂਰ ਕੀਤਾ ਹੈ ਕਿ ਆਪਣੇ ਨਾਗਰਿਕਾਂ ਨੂੰ ਰੁਜ਼ਗਾਰ ਦੇਣਾ ਉਹਨਾਂ ਦਾ ਫਰਜ ਹੈ। ਇਸ ਯੋਜਨਾ ਨੇ ਪੇਂਡੂ ਮਜ਼ਦੂਰਾਂ ਦੇ ਜਥੇਬੰਦ ਹੋਣ ਲਈ ਇੱਕ ਅਧਾਰ ਵੀ ਤਿਆਰ ਕੀਤਾ ਹੈ। ਅੱਜ ਮਗਨਰੇਗਾ ਯੋਜਨਾ ਨੂੰ ਸਹੀ ਢੰਗ ਨਾਲ਼ ਲਾਗੂ ਕਰਵਾਉਣ, ਸਮੇਂ ਸਿਰ ਭੁਗਤਾਨ, ਮਗਨਰੇਗਾ ਮਜ਼ਦੂਰਾਂ ਲਈ ਸਹੂਲਤਾਂ, ਭ੍ਰਿਸ਼ਟਾਚਾਰ ਰੋਕਣ ਜਿਹੇ ਮਸਲਿਆਂ ਤੋਂ ਲੈਕੇ ਕੰਮ ਦੇ ਦਿਨਾਂ ਦੀ ਗਿਣਤੀ ਅਤੇ ਉਜਰਤਾਂ ਵਧਾਏ ਜਾਣ ਤੱਕ ਦੇ ਮਸਲਿਆਂ ਉੱਪਰ ਇਸ ਅਬਾਦੀ ਨੂੰ ਜਥੇਬੰਦ ਕੀਤਾ ਜਾ ਸਕਦਾ ਹੈ। ਇਸਦੇ ਨਾਲ਼ ਹੀ ਪਿੰਡਾਂ ਦੀ ਤਰਜ 'ਤੇ ਸ਼ਹਿਰਾਂ ਵਿੱਚ ਵੀ ਰੁਜਗਾਰ ਗਰੰਟੀ ਯੋਜਨਾ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ। ਇਸ ਸੇਧ ਵਿੱਚ ਇਸ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਕੇ ਮਗਨਰੇਗਾ ਯੋਜਨਾ ਨੂੰ ਸਰਕਾਰ ਦੇ ਗਲ ਦੀ ਹੱਡੀ ਬਣਾਇਆ ਜਾ ਸਕਦਾ ਹੈ ਕਿਉਂਕਿ ਪਿੰਡਾਂ ਤੇ ਸ਼ਹਿਰਾਂ ਵਿੱਚ ਵੱਧ ਉਜਰਤਾਂ ਤੇ ਵੱਧ ਰੁਜ਼ਗਾਰ ਗਰੰਟੀ ਦੇ ਦਿਨਾਂ ਸਮੇਤ ਇਸਨੂੰ ਲਾਗੂ ਕਰਨਾ ਇਹਨਾਂ ਸਰਕਾਰਾਂ ਲਈ ਹੋਰ ਔਖਾ ਹੁੰਦਾ ਜਾਵੇਗਾ। ਇਹ ਲੜਾਈ ਮਜ਼ਦੂਰਾਂ ਨੂੰ ਉਸ ਨੁਕਤੇ ਤੱਕ ਲੈ ਜਾਵੇਗੀ ਕਿ ਜਿੱਥੇ ਉਹ ਸਮਝ ਲੈਣਗੇ ਕਿ ਸਭ ਲਈ ਰੁਜ਼ਗਾਰ ਤੇ ਬਿਹਤਰ ਜ਼ਿੰਦਗੀ ਦੀ ਗਰੰਟੀ ਦੀ ਜ਼ਿੰਮੇਵਾਰੀ ਇਹ ਸਰਮਾਏਦਾਰਾ ਪ੍ਰਬੰਧ ਨਹੀਂ ਲੈ ਸਕਦਾ ਸਗੋਂ ਇਸਨੂੰ ਤਬਾਹ ਕਰਕੇ ਉਸਾਰਿਆ ਸਮਾਜਵਾਦੀ ਪ੍ਰਬੰਧ ਹੀ ਸਭ ਲਈ ਰੁਜ਼ਗਾਰ ਤੇ ਬਿਹਤਰ ਜਿੰਦਗੀ ਦੀ ਗਰੰਟੀ ਕਰ ਸਕਦਾ ਹੈ। ਕਿਉਂਕਿ ਸਰਮਾਏਦਾਰਾ ਸਮਾਜ ਦੀ ਪੈਦਾਵਾਰੀ ਸਾਧਨਾਂ ਦੀ ਨਿੱਜੀ ਮਾਲਕੀ ਤੇ ਮੁਨਾਫਾ ਕੇਂਦਰਤਾ ਦੀ ਥਾਂ ਸਮਾਜਵਾਦੀ ਪ੍ਰਬੰਧ ਪੈਦਾਵਾਰ ਦੇ ਸਾਧਨਾਂ ਦੀ ਸਮੂਹਿਕ ਮਾਲਕੀ ਤੇ ਮਨੁੱਖ ਕੇਂਦਰਤ ਹੋਵੇਗਾ। ਇਹ ਸਮਾਜ ਦਾ ਉਹ ਅਟੱਲ ਭਵਿੱਖ ਹੈ ਜੋ ਮਜ਼ਦੂਰ ਜਮਾਤ ਦੇ ਹੱਥੋਂ ਘੜਿਆ ਜਾਣਾ ਹੈ ।ਮਨਰੇਗਾ ਕੈਪਟਨ ਸਰਕਾਰ ਵੇਲੇ ਦੀ ਸ਼ੁਰੂ ਹੋਈ ਸੀ ਪਰ ਅੱਜ ਵੀ ਉਹੀ ਹਾਲਾਤ ਹਨ ।ਇਸ ਲਈ ਇਹ ਪੁਰਾਨਾ ਲੇਖ ਅਜ ਪਾਇਆ ਹੈ।

ਨਿਊਯਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਦਵਿੰਦਰ ਖੁਸ਼ ਧਾਲੀਵਾਲ
8847227740

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 313

Website: www.preetnama.com Email preetnamausa@gmail.com

25 JULY TO 31 JULY ,2025




# ਸ਼ਿਵ ਕੁਮਾਰ ਬਟਾਲਵੀ ਦੀ ਜ਼ਿੰਦਗੀ ਤੇ ਸਾਹਿਤਕ ਸਫਰ ਦੀ ਸਾਂਝ



ਸ. ਸੁਖਚੈਨ ਸਿੰਘ ਕੁਰੜ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲਾ (ਫਿਰੋਜ਼ਪੁਰ)

ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ।
ਜੋਬਨ ਰੁੱਤੇ ਆਸ਼ਿਕ ਮਰਦੇ ਜਾਂ ਕੋਈ ਕਰਮਾਂ ਵਾਲਾ।

ਉਪਰੋਕਤ ਸਤਰਾਂ ਤੁਸੀਂ ਕਿਤੇ ਨਾ ਕਿਤੇ ਆਪਣੀ ਜਿੰਦਗੀ ਵਿੱਚ ਜਰੂਰ ਪੜ੍ਹੀਆਂ ਜਾਂ ਸੁਣੀਆਂ ਹੋਣਗੀਆਂ। ਇਹਨਾਂ ਸਤਰਾਂ ਨੂੰ ਲਿਖਣ ਵਾਲਾ ਖੁਦ ਆਪਣੀਆਂ ਲਿਖੀਆਂ ਸਤਰਾਂ ਨਾਲ ਵਫਾ ਨਿਭਾਉਂਦਿਆਂ ਸੱਚੀਂ ਜੋਬਨ ਰੁੱਤੇ 6 ਮਈ 1973 ਨੂੰ ਇਸ ਦੁਨੀਆਂ ਤੋਂ ਆਪਣੇ ਚਾਹੁਣ ਵਾਲਿਆਂ ਨੂੰ ਹਮੇਸਾ ਲਈ "ਅਲਵਿਦਾ" ਕਹਿ ਗਿਆ ਸੀ।

ਭਲਾ ਇਸ ਤਰ੍ਹਾਂ ਵੀ ਕੋਈ ਅਲਵਿਦਾ ਕਹਿੰਦਾਂ ਹੁੰਦਾ ?

ਹਾਂ ਸਾਡੇ ਕੋਲ ਇੱਕ ਨਾਂ ਹੈ ਅਜਿਹਾ ਜਿਸ ਨੇ ਇੰਝ ਅਲਵਿਦਾ ਕਹਿਣ ਤੋਂ ਪਹਿਲਾਂ ਸਾਹਿਤਕ ਖੇਤਰ ਵਿੱਚ ਬਿਰਹਾ ਦੇ ਕਵੀ ਦੇ ਤੌਰ ਤੇ ਆਪਣੀ ਬਹੁਤ ਵੱਡੀ ਪਹਿਚਾਣ ਬਣਾਈ।

ਬਿਰਹਾ ਦਾ ਕਵੀ ਸਬਦ ਸੁਣਦਿਆਂ ਉਮੀਦ ਕਰਦੇ ਹਾਂ ਕਿ ਤੁਹਾਡੇ ਖਿਆਲ ਸ਼ਿਵ ਕੁਮਾਰ ਬਟਾਲਵੀ ਦਾ ਨਾਂ ਹੁਣ ਜਰੂਰ ਆ ਚੁੱਕਾ ਹੋਵੇਗਾ।

ਸ਼ਿਵ ਕੁਮਾਰ ਦੇ ਦੁੱਖਾਂ ਦੀ ਗੱਲ ਕਰਦਿਆਂ ਸੰਤ ਸਿੰਘ ਸੇਖੋਂ ਲਿਖਦੇ ਹਨ ਕਿ "ਸ਼ਿਵ ਕੁਮਾਰ ਦੇ ਦੁੱਖ ਉਥੋਂ ਸ਼ੁਰੂ ਹੁੰਦੇ ਹਨ, ਜਿਥੋਂ ਜੌਹਨ ਕੀਟਸ ਦੇ ਖਤਮ ਹੁੰਦੇ ਹਨ।

ਆਓ ਅੱਜ ਪੰਜਾਬੀ ਦੇ ਜੌਹਨ ਕੀਟਸ, ਬਿਰਹਾ ਦੇ ਕਵੀ ਨੂੰ ਯਾਦ ਕਰਦਿਆਂ ਉਹਦੀ ਜਿੰਦਗੀ ਤੇ ਸਾਹਿਤਕ ਸਫਰ ਨਾਲ ਆਪਾਂ ਸਾਂਝ ਬਣਾਈਏ।

ਜਨਮ ਤੇ ਪਰਿਵਾਰ:- ਸ਼ਿਵ ਕੁਮਾਰ ਦਾ ਜਨਮ 23 ਜੁਲਾਈ 1936 (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ ਮੁਤਾਬਕ 8 ਅਕਤੂਬਰ 1937ਈ.) ਨੂੰ ਜੰਮੂ-ਕਸ਼ਮੀਰ ਦੀ ਹੱਦ ਨਾਲ ਲੱਗਦੇ 'ਸ਼ਕਰਗੜ੍ਹ' ਤਹਿਸੀਲ ਦੇ ਬੜਾ ਪਿੰਡ ਲੋਹਟੀਆਂ (ਅੱਜਕਲ ਪਾਕਿਸਤਾਨ) ਵਿੱਚ ਹੋਇਆ ਸੀ। ਦੇਸ ਦੀ ਵੰਡ ਤੋਂ ਪਹਿਲਾਂ ਇਹ ਗੁਰਦਾਸਪੁਰ ਜ਼ਿਲ੍ਹੇ ਦਾ ਇੱਕ ਪਿੰਡ ਸੀ। ਉਸ ਦੇ ਪਿਤਾ ਪੰਡਤ ਕ੍ਰਿਸ਼ਨ ਗੋਪਾਲ, ਮਾਲ ਮਹਿਕਮੇ ਵਿਚ ਪਹਿਲਾਂ ਪਟਵਾਰੀ ਰਹੇ, ਬਾਅਦ ਵਿਚ ਕਾਨੂੰਗੋ ਅਤੇ ਸੇਵਾਮੁਕਤੀ ਵੇਲੇ ਪਟਵਾਰ ਸਕੂਲ ਬਟਾਲਾ ਦੇ ਪ੍ਰਿੰਸੀਪਲ ਸਨ। ਉਸ ਦੀ ਮਾਤਾ ਸ਼ਾਂਤੀ ਦੇਵੀ ਦੀ ਆਵਾਜ਼ ਬਹੁਤ ਸੁਰੀਲੀ ਸੀ, ਉਹੀ ਸੁਰੀਲਾਪਣ ਸ਼ਿਵ ਦੀ ਆਵਾਜ਼ ਵਿਚ ਵੀ ਸੀ।

ਪੜ੍ਹਾਈ ਤੇ ਰੁਜਗਾਰ ਦਾ ਸਫਰ:- ਸ਼ਿਵ ਕੁਮਾਰ ਨੇ ਮੁੱਢਲੀ ਪੜ੍ਹਾਈ ਬੜਾ ਪਿੰਡ 'ਲੋਹਤੀਆਂ' ਦੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਸੰਨ 1953 ਵਿਚ ਸ਼ਿਵ ਨੇ 'ਸਾਲਵੇਸ਼ਨ ਆਰਮੀ ਹਾਈ ਸਕੂਲ' ਬਟਾਲਾ ਤੋਂ ਦਸਵੀਂ ਪਾਸ ਕੀਤੀ। ਉਸ ਦੇ ਪਿਤਾ ਉਸ ਨੂੰ ਚੰਗਾ ਪੜ੍ਹਾ-ਲਿਖਾ ਕੇ ਉਚ ਵਿੱਦਿਆ ਦਿਵਾ ਕੇ ਇਕ ਕਾਰੋਬਾਰੀ ਵਿਅਕਤੀ ਬਣਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਨਿਰਾਸ਼ਾ ਹੀ ਮਿਲੀ ਕਿਉਂਕਿ ਦਸਵੀਂ ਤੋਂ ਬਾਅਦ ਅਗਲੇ ਦੋ ਸਾਲ ਦੌਰਾਨ ਬਿਨਾਂ ਕਿਸੇ ਡਿਗਰੀ ਪ੍ਰਾਪਤ ਕਰਨ ਦੇ ਉਸ ਨੇ ਤਿੰਨ ਵਾਰੀ ਕਾਲਜ ਬਦਲੇ। ਪਹਿਲਾਂ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਵਿਚ ਐਫ਼.ਐਸ.ਸੀ. ਵਿਚ ਦਾਖ਼ਲਾ ਲਿਆ ਅਤੇ ਇਮਤਿਹਾਨਾਂ ਤੋਂ ਪਹਿਲਾਂ ਹੀ ਛੱਡ ਦਿਤਾ। ਫਿਰ ਨਾਭੇ ਜਾ ਕੇ ਸਰਕਾਰੀ ਰਿਪੁਦਮਨ ਕਾਲਜ ਵਿਚ ਦਾਖ਼ਲ ਹੋਇਆ, ਪਰ ਕੁੱਝ ਹੀ ਮਹੀਨਿਆਂ ਪਿੱਛੋਂ ਮੁੜ ਆਇਆ ਅਤੇ ਆਰਟਸ ਵਿਸ਼ਿਆਂ ਨਾਲ ਸਿੱਖ ਨੈਸ਼ਨਲ ਕਾਲਜ, ਕਾਦੀਆਂ ਵਿਚ ਦਾਖ਼ਲਾ ਲੈ ਲਿਆ। ਉਥੇ ਵੀ ਇਮਤਿਹਾਨ ਨਾ ਦਿੱਤਾ ਅਤੇ ਸਾਲ ਬਾਅਦ ਇਹ ਕਾਲਜ ਛੱਡ ਕੇ ਬੈਜਨਾਥ ਜ਼ਿਲ੍ਹਾ ਕਾਂਗੜਾ ਦੇ ਇਕ ਸਕੂਲ ਵਿਚ ਓਵਰਸੀਅਰ ਦੇ ਕੋਰਸ ਵਿਚ ਦਾਖ਼ਲਾ ਲੈ ਲਿਆ। ਫਿਰ ਪਿਤਾ ਕ੍ਰਿਸ਼ਨ ਗੋਪਾਲ ਨੇ ਪੁੱਤਰ ਸ਼ਿਵ ਕੁਮਾਰ ਨੂੰ ਪਟਵਾਰੀ ਲਵਾ ਦਿਤਾ ਪਰ 1961 ਵਿਚ ਉਸ ਨੇ ਇਸ ਨੌਕਰੀ ਤੋਂ ਵੀ ਅਸਤੀਫ਼ਾ ਦੇ ਦਿਤਾ ਅਤੇ 1966 ਤਕ ਬੇਰੁਜ਼ਗਾਰ ਹੀ ਰਿਹਾ। ਪਿਤਾ ਕੋਲੋਂ ਉਹ ਕੋਈ ਖ਼ਰਚਾ ਨਹੀਂ ਸੀ ਲੈਂਦਾ। ਇਸ ਲਈ ਇਸ ਸਮੇਂ ਦੌਰਾਨ ਉਹ ਕਦੀ ਕਦਾਈਂ ਕਵੀ ਦਰਬਾਰਾਂ ਵਿਚ ਅਪਣੀਆਂ ਕਵਿਤਾਵਾਂ ਪੜ੍ਹਨ ਦੇ ਸੇਵਾ ਫਲ ਜਾਂ ਕੁੱਝ ਛਪ ਚੁਕੀਆਂ ਕਿਤਾਬਾਂ ਦੀ ਨਿਗੂਣੀ ਜਿਹੀ ਰਾਇਲਟੀ 'ਤੇ ਹੀ ਗੁਜ਼ਾਰਾ ਕਰਦਾ ਸੀ। ਕਈ-ਕਈ ਦਿਨ ਉਹ ਦੋਸਤਾਂ-ਯਾਰਾਂ ਦੇ ਘਰੀਂ ਹੀ ਰਹਿੰਦਾ। ਆਖ਼ਰ 1966 ਵਿਚ ਰੋਜ਼ੀ-ਰੋਟੀ ਦੇ ਉਪਰਾਲੇ ਵਜੋਂ ਉਸ ਨੇ 'ਸਟੇਟ ਬੈਂਕ ਆਫ਼ ਇੰਡੀਆ' ਦੀ ਬਟਾਲਾ ਬ੍ਰਾਂਚ ਵਿਚ ਕਲਰਕ ਦੀ ਨੌਕਰੀ ਲੈ ਲਈ।

ਵਿਆਹ ਤੇ ਔਲਾਦ:- 5 ਫਰਵਰੀ 1967 ਨੂੰ ਉਸਦੀ ਸ਼ਾਦੀ ਅਰੁਣਾ ਨਾਲ ਹੋਈ, ਉਨ੍ਹਾਂ ਦੇ ਦੋ ਬੱਚੇ ਮਿਹਰਬਾਨ ਬਟਾਲਵੀ ਤੇ ਪੂਜਾ ਬੇਟੀ ਹੋਏ। ਅਗਲੇ ਸਾਲ ਉਸਦੀ ਬਦਲੀ ਚੰਡੀਗੜ੍ਹ ਹੋ ਗਈ। ਇਸੇ ਸਾਲ ਹੀ ਸ਼ਿਵ ਨੂੰ ਉਸਦੀ ਸਾਹਕਾਰ ਕਾਵਿ ਨਾਟਕ ਰਚਨਾ "ਲੂਣਾ" ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਸਭ ਤੋਂ ਛੋਟੀ ਉਮਰੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਕਰਨ ਦਾ ਮਾਣ ਸ਼ਿਵ ਕੁਮਾਰ ਬਟਾਲਵੀ ਦੇ ਹਿੱਸੇ ਹੀ ਆਇਆ।

ਇਸ ਕਾਵਿ ਨਾਟਕ ਵਿੱਚ ਕਵੀ ਨੇ ਪਹਿਲੀ ਵਾਰ ਲੂਣਾ ਨੂੰ ਨਿਰਦੋਸ਼ ਸਾਬਤ ਕਰਨ ਦਾ ਸਫਲ ਯਤਨ ਕੀਤਾ।

"ਪੰਜਾਬੀ ਕਵੀਆਂ ਵਿਚੋਂ ਸ਼ਿਵ ਨੂੰ ਸਭ ਤੋਂ ਵੱਧ ਗਾਇਆ ਗਿਆ ਹੈ। ਮੁਹੰਮਦ ਰਫੀ, ਮਹਿੰਦਰ ਕਪੂਰ, ਜਗਜੀਤ ਸਿੰਘ, ਹੰਸ ਰਾਜ ਹੰਸ, ਜਗਜੀਤ ਜੀਰਵੀ, ਸ਼ਿੰਗਾਰਾ ਚਾਹਲ, ਆਸ਼ਾ ਭੌਂਸਲੇ, ਪੁਸ਼ਪਾ ਹੰਸ, ਸੁਰਿੰਦਰ ਕੌਰ ਗਾਇਕਾਂ ਨੇ ਗਾਇਆ ਹੈ। ਬਲਵੰਤ ਗਾਰਗੀ ਦੇ ਨਾਟਕ ਗਗਨ ਮਹਿ ਥਾਲ ਦੇ ਗੀਤ ਵੀ ਸ਼ਿਵ ਨੇ ਗੁਰੂ ਨਾਨਕ ਸ਼ਤਾਬਦੀ ਮੌਕੇ ਲਿਖੇ।

ਉਸ ਦੇ ਜਮਾਤੀ ਸ: ਭੁਪਿੰਦਰ ਸਿੰਘ ਮਾਨ ਅਤੇ ਡਾ: ਮ. ਸ. ਬਾਜਵਾ ਦੱਸਦੇ ਨੇ ਕਿ ਸ਼ਿਵ ਕੁਮਾਰ ਦੀ ਜ਼ਿੰਦਗੀ ਦਾ ਹਰ ਵਰਕਾ ਰਵਾਇਤੀ ਬੰਧਨਾਂ ਤੋਂ ਮੁਕਤ ਸੀ। ਉਹ ਰਿਸ਼ਤਿਆਂ ਨਾਤਿਆਂ ਅਤੇ ਸੰਬੰਧਾਂ ਦੀ ਪਾਕੀਜ਼ਗੀ ਤੋਂ ਵਾਕਿਫ ਹੁੰਦਾ ਹੋਇਆ ਵੀ ਸਾਰੇ ਬੰਧਨ ਤੋੜ ਦਿੰਦਾ। ਉਹ ਰਾਵੀ ਦਾ ਪੁੱਤਰ ਸੀ। ਉਸ ਨੂੰ ਦਰਿਆ ਦੇ ਅੱਥਰੇ ਵੇਗ ਦੀ ਗੁੜ੍ਹਤੀ ਸੀ।

ਸ਼ਿਵ ਬਾਰੇ ਗੱਲ ਕਰਦਿਆਂ ਹਰਭਜਨ ਬਾਜਵਾ ਦੱਸਦੇ ਹਨ ਕਿ ਜਦ ਕਵੀ ਦਰਬਾਰ ਲਗਦਾ ਤਾਂ ਸ਼ਿਵ ਕੁਮਾਰ ਨੂੰ ਉਦੋਂ ਹੀ ਕਵਿਤਾ ਬੋਲਣ ਲਈ ਆਖਿਆ ਜਾਂਦਾ ਜਦ ਕਵੀ ਦਰਬਾਰ ਸਮਾਪਤ ਹੋਣਾ ਹੋਵੇ, ਕਿਉਂਕਿ ਜੇਕਰ ਸ਼ਿਵ ਪਹਿਲਾਂ ਕਵਿਤਾ ਸੁਣਾ ਦਿੰਦਾ ਤਾਂ ਬਾਅਦ ਵਿੱਚ ਚਾਹੇ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਕਵਿਤਾ ਗਾਉਣ ਪਰ ਸ਼ਿਵ ਦੀ ਕਵਿਤਾ ਅੱਗੇ ਉਨ੍ਹਾਂ ਦਾ ਰੰਗ ਫਿੱਕਾ ਪੈ ਜਾਂਦਾ। ਸ਼ਿਵ ਕੁਮਾਰ ਦੀ ਕਵੀ ਦਰਬਾਰ 'ਚ ਸਰਦਾਰੀ ਹੁੰਦੀ ਸੀ।

ਸਾਹਿਤਕ ਰਚਨਾਵਾਂ:- ਪੀੜਾ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਦਰਦਮੰਦਾਂ ਦੀਆਂ ਆਹੀਂ, ਬਿਰਹਾ ਤੂੰ ਸੁਲਤਾਨ, ਲੂਣਾ, ਮੈਂ ਤੇ ਮੈਨੂੰ, ਆਰਤੀ, ਬਿਰਹੜਾ ਆਦਿ ਉਸ ਦੀਆਂ ਮਹੱਤਵਪੂਰਨ ਕਾਵਿ ਪੁਸਤਕਾਂ ਹਨ। ਅਲਵਿਦਾ ਅਤੇ ਅਸਾਂ ਤਾਂ ਜੋਬਨ ਰੁੱਤੇ ਮਰਨਾ ਉਸ ਦੇ ਸੰਪਾਦਿਤ ਕਾਵਿ-ਸੰਗ੍ਰਹਿ ਹਨ।

ਸ਼ਿਵ ਦੀ ਗੱਲ ਕਰਦਿਆਂ ਉਹਦੇ ਲਿਖੇ ਰੇਖਾ ਚਿੱਤਰਾਂ ਬਾਰੇ ਵੀ ਸਾਂਝ ਬਣਾਉਣੀ ਜਰੂਰੀ ਹੈ। ਸ਼ਿਵ ਸ.ਸ. ਮੀਸ਼ਾ ਨੂੰ ਚਿਤਰਦਿਆਂ ਉਸ ਦੇ ਮੁਹਾਂਦਰੇ ਨੂੰ "ਮੀਸਣੀ ਮੁਸਕਾਨ" ਦਾ ਨਾਂ ਦਿੰਦਾ ਹੈ। ਅਜੀਤ ਕੌਰ ਨੂੰ "ਉਦਾਸ ਲਾਲਟੈਣ" ਦੱਸਦਾ ਹੈ ਅਤੇ ਮੋਹਨ ਭੰਡਾਰੀ ਨੂੰ ਬਹੁਤਾ ਗਰੀਬੜਾ ਜਿਹਾ ਪੇਸ਼ ਕਰਦਿਆਂ ਉਸ ਨੂੰ "ਫੁਲਬਹਿਰੀ ਵਾਲੇ ਹੱਥ" ਆਖਦਾ ਹੈ। ਸੱਜਣ ਦੱਸਦੇ ਨੇ ਕਿ ਸ਼ਿਵ ਕੁਮਾਰ ਨੂੰ ਭੰਡਾਰੀ ਵਾਲੇ ਰੇਖਾ ਚਿੱਤਰ ਬਾਰੇ ਆਖਰੀ ਵੇਲੇ ਤੀਕ ਪਛਤਾਵਾ ਰਿਹਾ ਕਿ ਮੈਂ ਉਸ ਨਾਲ ਧੱਕਾ ਕੀਤਾ ਹੈ।

1972 'ਚ ਉਹ ਡਾ.ਗੋਪਾਲਪੁਰ ਤੇ ਸ਼੍ਰੀਮਤੀ ਕੈਲਾਸ਼ਪੁਰੀ ਦੇ ਸੱਦੇ 'ਤੇ ਸ਼ਿਵ ਇੰਗਲੈਂਡ ਗਿਆ। ਜਦੋਂ ਉਹ ਇੰਗਲੈਂਡ ਪਹੁੰਚਿਆ ਤਾਂ ਉਸ ਦੀ ਆਮਦ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀ। ਉਸ ਦੇ ਮਾਣ 'ਚ ਸਥਾਨਕ ਪੰਜਾਬੀ ਲੇਖਕਾਂ ਅਤੇ ਉਸ ਦੇ ਚਾਹੁਣ ਵਾਲਿਆਂ ਵੱਲੋਂ ਕਈ ਪਾਰਟੀਆਂ ਦਿੱਤੀਆਂ ਗਈਆਂ। ਇੰਗਲੈਂਡ 'ਚ ਉਸ ਦੀਆਂ ਗਤੀਵਿਧੀਆਂ ਭਾਰਤੀ ਮੀਡੀਆ ਅਤੇ ਬੀ.ਬੀ.ਸੀ. ਦੀਆਂ ਖ਼ਬਰਾਂ ਵੀ ਬਣਦੀਆਂ ਰਹੀਆਂ। ਜਦੋਂ ਸ਼ਿਵ ਇੰਗਲੈਂਡ ਤੋਂ ਸਤੰਬਰ 1972 'ਚ ਵਾਪਸ ਆਇਆ, ਉਸ ਦੀ ਸਿਹਤ ਵਿਗੜਦੀ ਚਲੀ ਗਈ। ਇੰਗਲੈਂਡ ਵਾਪਸੀ ਤੋਂ ਕੁੱਝ ਮਹੀਨਿਆਂ ਬਾਅਦ ਹੀ ਉਸ ਦੀ ਸਿਹਤ ਬਹੁਤ ਜ਼ਿਆਦਾ ਵਿਗੜ ਗਈ ।ਅਖੀਰ 6 ਮਈ 1973 ਨੂੰ ਇਹ ਬਿਰਹਾ ਦਾ ਕਵੀ ਹਮੇਸਾਂ ਲਈ ਆਪਣੇ ਚਾਹੁਣ ਵਾਲਿਆਂ ਨੂੰ ਵਿਦਾ ਕਹਿ ਗਿਆ।

# ਮਾਂ ਬਿਨਾਂ ਵੀ ਕੋਈ ਦਿਨ ਹੁੰਦਾਂ ?

ਇੱਕ ਅੱਖਰ ਇੱਕ ਲਗ ਤੇ ਇੱਕ ਲਗਾਖਰ ਨੂੰ ਵਰਤਦਿਆਂ ਜੇ ਦੁਨੀਆਂ 'ਤੇ ਸਭ ਤੋਂ ਖੂਬਸੂਰਤ, ਸਭ ਤੋਂ ਨਿੱਕਾ ਸਬਦ, ਸਭ ਤੋਂ ਪਿਆਰੇ ਅਹਿਸਾਸ ਦੇ ਰੂਪ 'ਚ ਲਿਖਣਾ ਹੋਵੇ ਤਾਂ ਉਹ ਮਾਂ ( ਮੱਮੇ ਕੰਨਾ ਤੇ ਉੱਤੇ ਬਿੰਦੀ) ਹੀ ਹੈ। ਪੂਰੀ ਦੁਨੀਆਂ ਵਿੱਚ ਮਈ ਮਹੀਨੇ ਦਾ ਦੂਜਾ ਹਫਤਾ "ਮਾਂ-ਦਿਵਸ" ਨੂੰ ਸਮਰਪਿਤ ਹੁੰਦਾ ਹੈ। ਪੂਰੀ ਦੁਨੀਆਂ ਨੂੰ ਇੱਕ ਪਾਸੇ ਰੱਖਕੇ ਜਦੋਂ ਅਸੀਂ ਆਪਣੇ ਪੰਜਾਬ ਦੀ ਧਰਤੀ ਦੇ ਵਸਿੰਦੇ ਹੋਣ ਦਾ ਮਾਣ ਮਹਿਸੂਸ ਕਰਦੇ ਹਾਂ ਤਾਂ ਸਾਡੇ ਮਨ 'ਚ ਇਹੀ ਖਿਆਲ ਆਉਂਦਾ ਕਿ ਮਾਂ ਦਾ ਇੱਕ ਦਿਨ ਹੁੰਦਾਂ ? ਜਾਂ ਮਾਂ ਬਿਨਾਂ ਵੀ ਕੋਈ ਦਿਨ ਹੁੰਦਾਂ ? ਦੁਨੀਆਂ 'ਤੇ ਕਿਸੇ ਵੀ ਇਨਸਾਨ ਨੂੰ ਉਹਦੇ ਆਪਣੇ-ਆਪ ਨਾਲੋਂ ਵੀ ਜੇ ਕੋਈ ਵੱਧ ਜਾਣਦਾ ਤਾਂ ਉਹ ਮਾਂ ਹੀ ਹੁੰਦੀ ਹੈ। ਬਾਕੀ ਦੁਨੀਆਵੀ ਰਿਸਤਿਆਂ ਨਾਲ ਇਨਸਾਨ ਦੀ ਸਾਂਝ ਜਨਮ ਲੈਣ ਤੋਂ ਬਾਅਦ ਕੁੱਝ ਸਾਲਾਂ ਬਾਅਦ ਹੌਲੀ-ਹੌਲੀ ਬਣਨੀ ਸੁਰੂ ਹੁੰਦੀ ਹੈ ਪਰ ਬੱਚੇ ਦੀ ਮਾਂ ਨਾਲ ਸਾਂਝ ਕੁਦਰਤ ਵੱਲੋਂ ਕੁੱਖ ਵਿੱਚ ਹੀ ਬਣਨੀ ਤੈਅ ਹੁੰਦੀਂ ਹੈ। ਇਹੀ ਤਾਂ ਫਰਕ ਹੈ, ਇਸੇ ਸਾਂਝ ਨੇ ਹੀ ਤਾਂ ਮਾਂਵਾਂ ਤੇ ਬੱਚਿਆਂ ਦਾ ਮੋਹ ਬਣਾਈ ਰੱਖਣਾ। ਅੱਜ ਇੱਥੇ ਬੇਸੱਕ ਅਸੀਂ ਦੁਨੀਆਂ ਦੀ ਭੀੜ ਵਿੱਚ ਲੱਗੀ ਹੋਈ ਦੌੜ ਨਾਲ ਇਹ ਦਿਹਾੜੇ ਮਨਾਉਣ ਦੀਆਂ ਰਵਾਇਤਾਂ ਨਿਭਾਉਣ ਦੀਆਂ ਕੋਸਸਾਂ ਕਰ ਰਹੇ ਹਾਂ ਪਰ ਇੱਥੇ ਇਹ ਵਿਚਾਰਨ ਦੀ ਵੀ ਲੋੜ ਹੈ ਕਿਤੇ ਸਾਡੇ ਇਹ ਮੋਹ ਮਮਤਾ ਦੇ ਰਿਸਤੇ ਦਿਖਾਵਿਆਂ ਦੇ "ਸੋ-ਪੀਸ" ਤਾਂ ਨਹੀਂ ਬਣ ਰਹੇ ? ਹੁਣ ਧਿਆਨ ਨਾਲ ਆਪਣੇ ਆਲੇ-ਦੁਆਲੇ ਦੇਖੋ, ਆਪਣੇ ਪਰਿਵਾਰ 'ਚ ਦੇਖੋ, ਕਿਤੇ ਇੱਕ ਪਰਿਵਾਰ ਦੇ ਸਾਰੇ ਪਰਿਵਾਰਕ ਮੈਂਬਰ ਇੱਕ ਦੂਜੇ ਵੱਲੋਂ ਮੂੰਹ ਘੁੰਮਾ ਕੇ ਵੱਖੋ-ਵੱਖਰੇ ਕਮਰਿਆਂ 'ਚ ਬੈਠੇ ਸਿਰਫ ਸੋਸਲ ਮੀਡੀਆ 'ਤੇ ਹੀ ਮਾਂ-ਦਿਵਸ ਤਾਂ ਨਹੀਂ ਮਨਾ ਰਹੇ ? ਅਸਲ 'ਚ ਸਾਡਾ ਮੋਹ ਕਿੱਥੇ ਨਿਭਾਇਆ ਜਾ ਰਿਹਾ ? ਕਿਤੇ ਘਰਾਂ ਤੇ ਜਮੀਨਾਂ ਦੀ ਵੰਡ ਕਰਦਿਆਂ ਕਿਸੇ ਧੀ-ਪੁੱਤ ਦੇ ਹਿੱਸੇ ਨਾ ਆਈਆਂ ਸਾਡੀਆਂ ਮਾਂਵਾਂ ਬਿਰਧ ਆਸਰਮਾਂ 'ਚ ਤਾਂ ਨਹੀਂ ਰੁਲ ਰਹੀਆਂ ? ਕਿਤੇ ਮਿੱਟੀ 'ਚ ਖੇਡਕੇ ਲਿੱਬੜ ਕੇ ਆਏ ਨਿਆਣਿਆਂ 'ਤੇ ਮਾਂਵਾਂ ਖਿਝ ਤਾਂ ਨਹੀਂ ਰਹੀਆਂ ? ਕਿਤੇ ਆਪਣੇ ਨਿੱਕੇ ਨਿਆਣਿਆਂ ਨੂੰ ਰੋਂਦਿਆਂ ਵਰਾਉਣ ਲਈ ਮਾਂਵਾਂ ਮੋਬਾਇਲ ਫੋਨਾਂ ਦੇ ਸਹਾਰੇ ਆਪਣੀਆਂ ਜੁੰਮੇਵਾਰੀਆਂ ਤੋਂ ਤਾਂ ਨੀ ਸੁਰਖੂ ਹੋ ਰਹੀਆਂ ? ਅੱਜ ਜੇ ਵਿਸਵ ਵਿੱਚ ਮਾਂ-ਦਿਵਸ ਮਨਾ ਕੇ ਮਾਂ ਦੀ ਮਮਤਾ ਲਈ ਮੋਹ ਜਤਾਇਆ ਜਾ ਰਿਹਾ ਤਾਂ ਬਹੁਤ ਕੁਝ ਸਾਨੂੰ ਸਮਝਣ ਦੀ ਲੋੜ ਹੈ। ਸਾਡੀਆਂ ਮਾਂਵਾਂ ਨੂੰ ਆਪਣੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੋਂ ਮਾਤਾ ਤ੍ਰਿਪਤਾ, ਮਾਤਾ ਖੀਵੀ, ਮਾਤਾ ਭਾਨੀ, ਮਾਤਾ ਨਾਨਕੀ, ਮਾਤਾ ਗੁਜਰੀ, ਮਾਤਾ ਸੁੰਦਰੀ, ਭਾਈ ਭਾਗੋ, ਰਾਜਕੁਮਾਰੀ ਸੋਫੀਆ ਦਲੀਪ ਸਿੰਘ ਤੇ ਤੇ ਬੀਬੀ ਗੁਲਾਬ ਕੌਰ ਵਰਗੀਆਂ ਮਹਾਨ ਮਾਂਵਾਂ ਦੀਆਂ ਸਖਸੀਅਤਾਂ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਉੱਥੇ ਨਾਲ ਹੀ ਸਾਡੀ ਪੀੜ੍ਹੀ ਦੇ ਧੀਆਂ-ਪੁੱਤਰਾਂ ਨੂੰ ਇਹਨਾਂ ਮਹਾਨ ਮਾਂਵਾਂ ਦੇ ਧੀਆਂ-ਪੁੱਤਰਾਂ ਹੋਣ ਦਾ ਫਰਜ ਨਿਭਾਉਣ ਦੀ ਜਾਚ ਸਿੱਖਕੇ ਇੱਕੀਵੀਂ ਸਦੀ ਵਿੱਚ "ਪੂਰਨ" ਤੇ "ਸਰਵਣ" ਨੂੰ ਜਿਉਂਦੇ ਰੱਖਣ ਦੀ ਵੀ ਲੋੜ ਹੈ।



ਰਾਮ, ਅੱਲ੍ਹਾ, ਰੌਂਡ, ਵਾਹਿਗੁਰੂ,
ਸਭ ਆਪੋ ਆਪਣੀ ਥਾਂ,
ਸਭ ਨੂੰ ਇੱਕੋ ਥਾਂ ਜੇ ਦੇਖਣਾ, ਸੱਜਣਾ ਕਹਿ ਦੇਈਂ ਮੂੰਹੋਂ "ਮਾਂ"।

ਮਾਂ-ਦਿਵਸ ਤੇ ਇਹਨਾਂ ਵਿਚਾਰਾਂ ਨੂੰ ਪੜ੍ਹਦਿਆਂ ਤੁਸੀਂ ਆਪਣੇ ਘਰ ਵਿੱਚ ਬੈਠੇ-ਬੈਠੇ ਮੰਮੀ, ਮੰਮਾ, ਮੌਮ ਸਬਦ ਦੀ ਥਾਂ ਆਪਣੀ ਮਾਂ ਨੂੰ ਇੱਕ ਵਾਰ ਉੱਚੀ ਦੇਣੇ ਮਾਂ ਕਹਿਕੇ ਅਵਾਜ ਤਾਂ ਦੇਣਾ ਸੱਚੀਂ ! ਤੁਹਾਡੀ ਮਾਂ ਲਈ ਜਿੰਦਗੀ ਦਾ ਇਹ ਸਭ ਤੋਂ ਖੂਬਸੂਰਤ ਪਲ ਹੋਵੇਗਾ। ਸਾਡੇ ਪੰਜਾਬ ਦੀ ਧਰਤੀ ਹਿੱਸੇ ਅੰਮੀ, ਅੰਮੜੀ, ਅੰਮਾਂ, ਅੰਬੋ, ਮਾਂ, ਬੀਬੀ, ਬੇਬੇ, ਝਾਈ ਅਤੇ ਮਾਤਾ ਵਰਗੇ "ਮਾਘੀ ਦੀ ਸੁੱਚੜੀ ਸੰਗਰਾਂਦ" ਵਰਗੇ ਸਬਦ ਆਏ ਹਨ। ਇਹੋ ਸਾਡੀ ਖੁਸਕਿਸਮਤੀ ਹੈ। ਇਹੋ ਸਾਡੀਆਂ ਮਾਂਵਾਂ ਦੀਆਂ ਸਿਖਾਈਆਂ ਬੋਲੀਆਂ ਦੀ ਅਮੀਰੀ ਹੈ। ਆਓ ਅੱਜ ਵਾਅਦਾ ਕਰੀਏ ਕਿ ਇਸੇ ਮਾਂ-ਬੋਲੀ ਦੀ ਅਮੀਰੀ ਨਾਲ ਅਸੀਂ ਆਪਣੀਆਂ ਮਾਂਵਾਂ ਦੀ ਮਮਤਾ ਤੇ ਮੋਹ ਨੂੰ ਹਮੇਸਾ ਲਈ ਜਿਉਂਦੇ ਰੱਖ ਸਕੀਏ।

**ਸ. ਸੁਖਚੈਨ ਸਿੰਘ ਕੁਰੜ (ਪੰਜਾਬੀ ਅਧਿਆਪਕ)**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲਾ 9463551814**

# ਅਬਦਾਲੀ ਦੀ ਰੂਹ

ਅਹਿਮਦ ਸ਼ਾਹ ਅਬਦਾਲੀ ਕਾਬਲ ਦਾ ਬਾਦਸ਼ਾਹ ਸੀ, ਜਿਸ ਨੇ ਹਿੰਦੁਸਤਾਨ ਤੇ ਤਕਰੀਬਨ ਅਠਾਰਾਂ ਹਮਲੇ ਕੀਤੇ ਸਨ। ਉਸ ਦੇ ਹਰੇਕ ਹਮਲੇ ਵਿੱਚ ਪੰਜਾਬ ਦਾ ਭਾਰੀ ਨੁਕਸਾਨ ਹੋਇਆ ਸੀ। ਅਖੀਰ ਸਿੱਖਾਂ ਹੱਥੋਂ ਹਾਰ ਖਾ ਕੇ ਹੀ ਉਹ ਹਮਲੇ ਕਰਨੋਂ ਹਟਿਆ ਸੀ। ਪਰ ਉਸ ਦੀ ਆਤਮਾਂ ਅਜੇ ਵੀ ਇੱਥੇ ਹੀ ਭਟਕਦੀ ਰਹਿੰਦੀ ਹੈ। ਇੱਕ ਵਾਰ ਅਬਦਾਲੀ ਅਤੇ ਉਸ ਦੇ ਜਰਨੈਲ ਜਹਾਨ ਖਾਨ ਦੀਆਂ ਆਤਮਾਵਾਂ ਆਪਣੇ ਪੁਰਾਣੇ ਜਿੱਤੇ ਤੇ ਲੁੱਟੇ ਹੋਏ ਇਲਾਕਿਆਂ ਦਾ ਦੌਰਾ ਕਰਦੀਆਂ ਹੋਈਆਂ ਘੁੰਮ ਰਹੀਆਂ ਸਨ। ਕਾਬਲ, ਕੰਧਾਰ ਤੇ ਮੌਜੂਦਾ ਪਾਕਿਸਤਾਨ ਵਿੱਚ ਘੁੰਮਦਿਆਂ ਉਨ੍ਹਾਂ ਦੇ ਮਨ ਨੂੰ ਬਹੁਤ ਸ਼ਾਂਤੀ ਪ੍ਰਾਪਤ ਹੋਈ ਕਿ ਉਥੇ ਅਬਦਾਲੀ ਦੇ ਰਾਜ ਵਾਂਗ ਹੀ ਸਾਰੇ ਪਾਸੇ ਕਤਲੇਆਮ ਮੱਚਿਆ ਹੋਇਆ ਸੀ। ਕਿਧਰੇ ਬੰਬ ਧਮਾਕੇ ਹੋ ਰਹੇ ਸਨ, ਕਿਧਰੇ ਅਸਾਲਟਾਂ ਦੇ ਬਰਸਟ ਵੱਜ ਰਹੇ ਸਨ ਤੇ ਕਿਧਰੇ ਮਨੁੱਖੀ ਬੰਬ ਮਾਸੂਮਾਂ ਦੇ ਤੂੰਬੇ ਉਡਾ ਰਹੇ ਸਨ। ਇਹ ਕਤਲੋਗਾਰਤ ਵੇਖ ਕੇ ਉਨ੍ਹਾਂ ਦੀ ਆਤਮਾ ਤ੍ਰਿਪਤ ਹੋ ਗਈ ਕਿ ਨਵੇਂ ਸ਼ਾਸ਼ਕ ਵੀ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਕੇ ਹੀ ਰਾਜ ਭਾਗ ਚਲਾ ਰਹੇ ਹਨ।

ਜਦੋਂ ਉਹ ਸਾਡੇ ਪੰਜਾਬ ਵਿੱਚ ਦਾਖਲ ਹੋਏ ਤਾਂ ਇੱਕ ਦਮ ਧੂੰਏਂ ਨੇ ਉਨ੍ਹਾਂ ਦਾ ਸਾਹ ਬੰਦ ਕਰ ਦਿੱਤਾ ਤੇ ਅੱਖਾਂ ਸੜਨ ਲੱਗ ਪਈਆਂ। ਸਾਰੇ ਪਾਸੇ ਖੇਤਾਂ ਵਿੱਚ ਅੱਗ ਮੱਚ ਰਹੀ ਸੀ ਤੇ ਧੂੰਆਂ ਕਾਲੇ ਨਾਗ ਵਾਂਗ ਵਲ ਖਾਂਦਾ ਹੋਇਆ ਅਸਮਾਨ ਵੱਲ ਚੜ੍ਹ ਰਿਹਾ ਸੀ। ਪਸ਼ੂ ਪੰਛੀ ਜਾਨ ਬਚਾਉਣ ਲਈ ਲੁਕਦੇ ਫਿਰ ਰਹੇ ਸਨ ਤੇ ਸੜੇ ਹੋਏ ਟੁੰਡ ਮੁੰਡ ਦਰਖਤ ਭੂਤਾਂ ਵਾਂਗ ਖੇਤਾਂ ਵਿੱਚ ਖੜੇ ਸਨ। ਦੋਹਾਂ ਨੂੰ ਉੱਥੂ ਛਿੜ ਗਿਆ ਤੇ ਖੰਘ ਖੰਘ ਕੇ ਬੁਰਾ ਹਾਲ ਹੋ ਗਿਆ। ਜਦੋਂ ਸਾਹ ਥੋੜ੍ਹਾ ਸੂਤਰ ਹੋਇਆ ਤਾਂ ਅਬਦਾਲੀ ਨੇ ਪੁੱਛਿਆ, "ਜਹਾਨ ਖਾਨ ਇਹ ਕੀ ਹੋ ਰਿਹਾ ਹੈ ? ਸਾਡੇ ਤੋਂ ਵੱਡਾ ਇਹ ਕਿਹੜਾ ਹਮਲਾਵਰ ਪੰਜਾਬ 'ਤੇ ਟੁੱਟ ਪਿਆ ਹੈ ? ਅਸੀਂ ਤਾਂ ਸਿਰਫ ਸ਼ਹਿਰ ਤੇ ਪਿੰਡ ਹੀ ਸਾੜੇ ਸਨ, ਇਸ ਨੇ ਤਾਂ ਸਾਰੇ ਖੇਤ ਤੇ ਦਰਖਤ ਵੀ ਸਾੜ ਛੱਡੇ ਨੇ।" ਜਹਾਨ ਖਾਨ ਗੰਭੀਰ ਹੁੰਦਾ ਹੋਇਆ ਬੋਲਿਆ, "ਮੇਰੇ ਬਾਦਸ਼ਾਹ ਹੁਣ ਪੰਜਾਬ ਨੂੰ ਸਾੜਨ ਵਾਸਤੇ ਕਿਸੇ ਹਮਲਾਵਰ ਦੀ ਜਰੂਰਤ ਨਹੀਂ ਪੈਂਦੀ। ਇਹ ਲੋਕ ਹਾੜ੍ਹੀ ਸਾਉਣੀ ਵੱਢਣ ਤੋਂ ਬਾਅਦ ਸਾਲ ਵਿੱਚ ਦੋ ਵਾਰੀਂ ਪਰਾਲੀ ਤੇ ਨਾੜ ਸਾੜ ਕੇ ਆਪਣੇ ਹੱਥੀਂ ਪੰਜਾਬ ਨੂੰ ਖੁਦ ਹੀ ਫੂਕਦੇ ਹਨ। ਆਪਾਂ ਤਾਂ ਸਿਰਫ ਮਕਾਨ ਤੇ ਦੁਕਾਨਾਂ ਹੀ ਸਾੜਦੇ ਸੀ, ਇਹ ਤਾਂ ਦਰਖਤ, ਜਾਨਵਰ ਤੇ ਪੰਛੀ ਵੀ ਨਹੀਂ ਬਖਸ਼ਦੇ।" ਸੁਣ ਕੇ ਅਬਦਾਲੀ ਦੀਆਂ ਅੱਖਾਂ ਹੈਰਾਨੀ ਨਾਲ ਪਾਟਣ ਵਾਲੀਆਂ ਹੋ ਗਈਆਂ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

# ਮਾਂ ਬੋਲੀ ਦੀ ਸੇਵਾ ਦੇ ਨਾਂਅ 'ਤੇ ਸਾਹਿਤਕ ਠਿੱਬੀਆਂ ਕੀ ਸੁਨੇਹਾ ਦਿੰਦੀਆਂ ਹਨ ?

## ਸਮਾਜ ਬਦਲਣ ਦੀਆਂ ਗੱਲਾਂ ਕਰਨ ਵਾਲੇ ਇੱਕ ਦਿਨ ਲਈ ਜੀਭ ਦਾ ਸੁਆਦ ਤਾਂ ਬਦਲ ਨਹੀਂ ਸਕਦੇ



(ਸਕਾਟਲੈਂਡ) ਲੰਮਨਦੀਪ ਖੁਰਮੀ ਹਿੰਮਤਪੁਰਾ ਮਾਂ ਬੋਲੀ ਦੀ 'ਸੇਵਾ' ਦੇ ਨਾਮ 'ਤੇ ਦੇਸ਼ ਵਿਦੇਸ਼ ਵਿੱਚ ਹਜ਼ਾਰਾਂ ਸਾਹਿਤ ਸਭਾਵਾਂ, ਸੰਸਥਾਵਾਂ ਬਣੀਆਂ ਮਿਲ ਜਾਣਗੀਆਂ। ਉਹਨਾਂ ਵਿੱਚੋਂ ਉਂਗਲਾਂ ਦੇ ਪੋਟਿਆਂ 'ਤੇ ਗਿਣੀਆਂ ਜਾ ਸਕਣ ਵਾਲੀਆਂ ਸੰਸਥਾਵਾਂ ਜਾਂ ਲੋਕ ਹੀ ਹੋਣਗੇ ਜੋ ਅਸਲ ਮਾਅਨਿਆਂ ਵਿੱਚ ਸੇਵਾ ਕਰਦੇ ਮਿਲਣਗੇ। ਨਹੀਂ ਤਾਂ ਵੱਡੀਆਂ ਬੰਨਾਂ ਵਾਲੇ ਸਾਹਿਤਕ ਢੱਠਿਆਂ ਦੀ ਭਰਮਾਰ ਹੀ ਮਿਲੇਗੀ। ਇਹ ਸਭਾਵਾਂ/ ਸੰਸਥਾਵਾਂ ਆਪਣੀ ਹੈਂਕੜ ਨੂੰ ਪੱਠੇ ਪਾਉਣ ਜਾਂ ਹੋਰਾਂ ਨੂੰ ਠਿੱਬੀਆਂ ਲਾਉਣ ਵਾਲੇ ਟੂਰਨਾਮੈਂਟਾਂ ਦਾ ਮੈਦਾਨ ਵਧੇਰੇ ਬਣਦੀਆਂ ਹਨ। ਸੱਤਵੀਂ ਜਮਾਤ 'ਚ ਪੜ੍ਹਦਾ ਸੀ ਜਦੋਂ ਤਰਕਸ਼ੀਲ ਸੁਸਾਇਟੀ ਦੇ ਮੇਲੇ ਕਰਵਾਉਣ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਵੱਲ ਸਿੱਖ ਲਏ। ਫਿਰ ਸਰਵ ਭਾਰਤ ਨੌਜਵਾਨ ਸਭਾ 'ਚ ਲੰਮਾ ਸਮਾਂ ਵਿਚਰਨ ਦਾ ਮੌਕਾ ਮਿਲਿਆ। ਅਸਲੋਂ ਵਿਦਵਾਨ ਸਖਸ਼ੀਅਤਾਂ 'ਚ ਵਿਚਰ ਕੇ ਚੰਗੇ ਮਾੜੇ ਦੀ ਪਰਖ ਆ ਗਈ। ਛੋਟੀ ਉਮਰ ਵਿੱਚ ਹੀ ਅਹੁਦਿਆਂ ਦੀਆਂ ਜ਼ਿੰਮੇਵਾਰੀਆਂ ਨਿਭਾ ਲੈਣ ਕਰਕੇ ਹੀ ਸ਼ਾਇਦ ਜਵਾਨੀ ਤੱਕ ਪ੍ਰਧਾਨਗੀਆਂ, ਸਕੱਤਰੀਆਂ ਦਾ ਝੱਸ ਮਨੋਂ ਲਹਿ ਜਿਹਾ ਗਿਆ। ਕੰਮ ਕਰਨ ਲਈ ਹਰ ਵੇਲੇ ਤਿਆਰ ਪਰ ਅਹੁਦਿਆਂ ਦੀ ਭੁੱਖ ਤੋਂ ਦੂਰ। ਸ਼ਾਇਦ ਇਹੀ ਵਜ ?ਹਾ ਹੋਵੇਗੀ ਕਿ ਮੈਂ ਹੁਣ ਤੱਕ ਕਿਸੇ ਵੀ ਸਭਾ ਜਾਂ ਸੰਸਥਾ ਦਾ ਮੈਂਬਰ ਵੀ ਨਹੀਂ ਬਣਿਆ।

ਬਰਤਾਨੀਆ ਦੀ ਧਰਤੀ 'ਤੇ 2009 'ਚ ਪਹਿਲੀ ਵਾਰ ਕਿਸੇ ਸਾਹਿਤਕ ਲੋਕਾਂ ਦੀ ਮੀਟਿੰਗ ਵਿੱਚ ਬੈਠਣ ਦਾ ਮੌਕਾ ਮਿਲਿਆ ਸੀ। ਉਸ ਮੀਟਿੰਗ ਦਾ 'ਕੱਲਾ 'ਕੱਲਾ ਪਲ ਅੱਜ ਵੀ ਓਵੇਂ ਈ ਯਾਦ ਐ। ਓਸ ਸਮੇਂ ਮੇਰੀ ਉਮਰ 29 ਸਾਲ ਸੀ ਪਰ ਉਮਰ ਦੇ ਬੀਤੇ 29 ਸਾਲਾਂ 'ਚ ਸਾਹਿਤ ਦੇ ਨਾਂ 'ਤੇ ਹੁੰਦੀਆਂ ਹਰਾਮਜ਼ਾਦਗੀਆਂ ਪਹਿਲਾਂ ਕਦੇ ਨਹੀਂ ਦੇਖੀਆਂ ਸਨ।

ਜਨਰਲ ਸਕੱਤਰ ਸ਼ਬਦ ਦੀ ਆਪਣੇ ਨਾਂ ਪੱਕੀ ਰਜਿਸਟਰੀ ਕਰਵਾਉਣ ਵਾਲੇ ਇੱਕ ਵੀਰ ਦੇ ਘਰ ਮੈਂ ਤੇ ਬਾਈ ਜੱਗੀ ਕੁੱਸਾ ਬੈਠੇ ਸਾਂ। ਨਵੀਂ ਸਭਾ ਦਾ ਕੋਠਾ ਛੱਤਣ ਤੇ ਪ੍ਰਧਾਨ, ਸਕੱਤਰ ਤੇ ਬਾਕੀ ਲੁੰਗਲਾਣਾ ਚੁਣਨ ਲਈ ਦੁਪਹਿਰੇ ਕਿਸੇ ਹੋਰ ਥਾਂ ਇਕੱਠੇ ਹੋਣਾ ਸੀ। ਪ੍ਰਧਾਨਗੀ ਤੇ ਸਕੱਤਰੀ ਦੇ ਦੋਵੇਂ ਅਹੁਦਿਆਂ ਲਈ ਤਿੰਨ ਧਿਰਾਂ ਮੁੱਠੀਆਂ 'ਚ ਥੁੱਕੀ ਫਿਰਦੀਆਂ ਸਨ। ਇਉਂ ਲਗਦਾ ਸੀ ਜਿਵੇਂ ਮਾਂ ਬੋਲੀ ਦੀ 'ਸੇਵਾ' ਲਈ 'ਸ਼ਹੀਦ' ਹੋਣ ਲਈ ਵੀ ਤਿਆਰ ਹੋਣ। ਸਕੱਤਰੀ ਦੇ ਰਜਿਸਟਰੀ ਹੋਲਡਰ ਵੀਰ ਜੀ ਇੱਕ ਉਮੀਦਵਾਰ ਦਾ ਫੋਨ ਰੱਖਣ ਤਾਂ ਦੂਜੇ ਦਾ ਆ ਜਾਵੇ, ਦੂਜੇ ਦਾ ਰੱਖਣ ਤਾਂ ਤੀਜੇ ਦਾ ਆ ਜਾਵੇ। ਇੱਕ ਡਾਕਟਰ ਬੀਬੀ ਵੀ ਪ੍ਰਧਾਨ ਬਣਨ ਦੀ ਦਾਅਵੇਦਾਰ ਸੀ ਤੇ ਭਾਈ ਸਾਹਿਬ ਓਸ ਬੀਬੀ ਨੂੰ ਗੱਲਾਂ ਗੱਲਾਂ 'ਚ ਪ੍ਰਧਾਨ ਬਣਾਈ ਹੀ ਬੈਠੇ ਸਨ।

-÷ਭੈਣ ਜੀ, ਕੋਈ ਜੰਮਿਆ ਈ ਨੀ, ਜਿਹੜਾ ਆਪਣੀ ਗੱਲ ਉਲੱਦ ਜਾਵੇ। ਤੁਸੀਂ ਪ੍ਰਧਾਨ ਤੇ ਮੈਂ ਜਨਰਲ ਸਕੱਤਰ। ਤੁਸੀਂ ਮੀਟਿੰਗ 'ਚ ਆਓ ਜਲਦੀ ਜਲਦੀ। ਆਪਣੇ ਮੂਹਰੇ ਬੋਲੂ ਕੌਣ ? ਹੈ ਕਿਸੇ 'ਚ ਹਿੰਮਤ ?÷

ਇਹ ਸੁਣ ਕੇ ਇਉਂ ਲੱਗੇ ਜਿਵੇਂ ਸਭਾ ਤਾਂ ਬਣੀ ਹੋਈ ਐ, ਐਲਾਨ ਬਾਕੀ ਐ। ਨਾਲ ਈ ਓਹ ਭਾਈ ਸਾਬ ?ਹ ਆਵਦੇ ਹੁਣ ਤੱਕ ਦੇ ਇੱਕ ਜੋਟੀਦਾਰ ਨੂੰ ਪ੍ਰਧਾਨਗੀ ਵਾਲਾ ਲੱਕੜ ਦਾ ਮੁੰਡਾ ਦੇ ਰਹੇ ਸਨ ਕਿ ÷ਦਵਿੰਦਰਪਰੀਤ, ਚਿੰਤਾ ਨਾ ਕਰ। ਤੂੰ ਪ੍ਰਧਾਨ ਤੇ ਮੈਂ ਜਨਰਲ ਸਕੱਤਰ। ਆਪਣੇ ਮੂਹਰੇ ਕੌਣ ਖੰਘਜੂ ?÷

ਤੀਜੀ ਧਿਰ ਸੀ ਪੁਰਾਣੇ ਸਥਾਪਿਤ ਲੇਖਕਾਂ ਦੀ, ਜਿਹਨਾਂ ਨੇ ਘਾਟ ਘਾਟ ਦਾ ਪਾਣੀ ਪੀਤਾ ਸੀ। ਲੱਕੜ ਦਾ ਮੁੰਡਾ, ਉਹਨਾਂ ਨੂੰ ਵੀ ਉਹੋ ਜਿਹਾ ਈ ਦਿੱਤਾ ਜਾ ਰਿਹਾ ਸੀ। ÷ਅੰਕਲ ਜੀ, ਤੁਸੀਂ ਤਾਂ ਸਾਨੂੰ ਰਾਹ ਦਿਖਾਉਣੇ ਆ। ਤੁਸੀਂ ਪ੍ਰਧਾਨ ਬਣਿਓ, ਆਪਾਂ ਸਕੱਤਰ ਹੀ ਠੀਕ ਆਂ।÷

ਚਲੋ ਜੀ ਜਿਉਂ ਹੀ ਮੀਟਿੰਗ ਸ਼ੁਰੂ ਹੋਈ, ਸਭ ਤਿਕੜਮਬਾਜ਼ੀਆਂ ਪੁੱਠੀਆਂ ਹੋ ਗਈਆਂ ਪਰ ਭਾਈ ਸਾਬ ?ਹ ਦੀ ਸਕੱਤਰੀ ਬਚੀ ਰਹਿ ਗਈ। ਪਰ ਪ੍ਰਧਾਨਗੀ ਤਿੰਨੇ ਦਾਅਵੇਦਾਰਾਂ ਦੇ ਹੱਥ 'ਚੋਂ ਚਲਾਕ ਚਿੜੀ ਵਾਂਙ ਨਿੱਕਲ ਕੇ ਘਰ ਬਿਮਾਰ ਪਏ ਇੱਕ ਲੇਖਕ ਬਾਬੇ ਦੇ ਸਿਰ ਦਾ ਤਾਜ਼ ਬਣ ਗਈ। ਓਸ ਰਜਿਸਟਰੀ ਹੋਲਡਰ ਸਕੱਤਰ ਭਾਈ ਸਾਬ ?ਹ ਨੇ 16 ਸਾਲ ਬੀਤਣ 'ਤੇ ਵੀ ਆਵਦੀ ਸਕੱਤਰੀ ਨੂੰ ਆਂਚ ਨਹੀਂ ਆਉਣ ਦਿੱਤੀ। ਪ੍ਰਧਾਨਗੀ ਲਈ ਰਬੜ ਦੀਆਂ ਮੋਹਰਾਂ ਸ਼ਿੰਗਾਰ ਕੇ ਰੱਖਦੇ ਆਏ। ਜਦੋਂ ਪਹਿਲੀ ਮੀਟਿੰਗ ਵਿੱਚ ਪ੍ਰਧਾਨ ਬਣਨ ਦਾ ਲਾਰਾ ਲੈ ਕੇ ਬੇਆਬਰੂ ਹੋ ਕੇ ਨਿਰਾਸ਼ ਮੁੜੀ ਬੀਬੀ ਨੂੰ ਅਜੇ ਵੀ ਪ੍ਰਧਾਨਗੀ ਰਹਿਤ ਮਾਂ ਬੋਲੀ ਦੀ 'ਸੇਵਾ' ਕਰਦਿਆਂ ਦੇਖਦਾਂ ਤਾਂ ਹੈਰਾਨੀ ਹੁੰਦੀ ਐ ਕਿ ਉਸ ਡਾਕਟਰ ਬੀਬੀ ਦੇ ਸਾਹਿਤਕ ਤਿਕੜਮਬਾਜ਼ਾਂ ਨੇ ਪੈਰ ਹੀ ਨਾ ਲੱਗਣ ਦਿੱਤੇ।

ਓਸ ਭਾਈ ਸਾਬ ?ਹ ਨੇ ਸਭਾ ਨੂੰ ਵੀ 16-17 ਸਾਲ 'ਵਰਤ' ਕੇ ਆਵਦੇ ਪੁਰਾਣੇ ਬੇਲੀ ਨਾਲ ਰਲ ਕੇ ਬਰਾਬਰ ਇੱਕ ਵੱਖਰੀ ਦੁਕਾਨ ਖੋਲ੍ਹ ਲਈ ਤਾਂ ਹੁਣ ਅਗਲੇ ਪਿਛਲੇ ਸਭ 'ਸੇਵਾਦਾਰ' ਠਿੱਠ ਜਿਹੇ ਹੋਏ ਇਉਂ ਤੁਰੇ ਫਿਰਦੇ ਹੁੰਦੇ ਹਨ ਜਿਵੇਂ ਮੇਲੇ 'ਚ ਬਿਨ ਕਸੂਰੋਂ ਈ ਕੋਈ ਪੁਲਸ ਵਾਲਾ ਜੂਤ-ਪਤਾਣ ਕਰ ਗਿਆ ਹੋਵੇ। ਮਾਂ ਬੋਲੀ ਦੀ 'ਸੇਵਾ' ਲਈ ਖੁੱਲ੍ਹੀ ਨਵੀਂ ਦੁਕਾਨ 'ਚ ਸੌਦਾ ਪੱਤਾ ਤਾਂ ਪੁਰਾਣੇ 'ਸੇਵਾਦਾਰ' ਵੀ ਸੇਵਾ ਵਜੋਂ ਵੇਚ ਜਾਂਦੇ ਹਨ ਪਰ ਜਦੋਂ ਇਹ ਗੱਲ ਯਾਦ ਆਉਂਦੀ ਐ ਕਿ ਮਲਾਈ ਤਾਂ ਦੋਵੇਂ ਜੋਟੀਦਾਰ ਖਾਣਗੇ... ਫੇਰ ਮੂੰਹ ਮਜੌਰਾਂ ਦੀ ਮਾਂ ਵਾਂਙੂ ਕਰ ਲੈਂਦੇ ਹਨ।

ਓਸੇ ਮੀਟਿੰਗ ਦੀ ਇੱਕ ਹੋਰ ਯਾਦ ਵੀ ਐ ਕਿ ਜਦੋਂ ਸਾਰੇ 'ਵਿੱਦਵਾਨ' ਆਪੋ ਆਪਣੇ ਵਿਚਾਰ ਪੇਸ਼ ਕਰ ਚੁੱਕੇ ਤਾਂ ਦਾਸ ਨੇ ਵੀ ਬੋਲਣ ਲਈ ਸਮਾਂ ਮੰਗਿਆ। ਮੈਂ ਜਿਹੜੇ ਦੋ ਕੁ ਸ਼ਬਦ ਆਖੇ, ਸ਼ਾਇਦ ਓਹ ਹੀ ÷ਸਾਹਿਤ ਸਵਾਹ÷ ਵਾਲਿਆਂ ਦੇ ਹਜ਼ਮ ਨਾ ਆਏ ਹੋਣ। ਮੈਂ ਕਿਹਾ ਕਿ ਸਾਲ ਬਾਅਦ ਤੁਸੀਂ ਇੱਕ ਦਿਨ ਕਵੀ ਦਰਬਾਰ ਕਰਦੇ ਹੋ ਪਰ ਓਸ ਦਿਨ ਜਿਆਦਾਤਰ ਕਵੀ ਬੀਅਰ ਜਾਂ ਸ਼ਰਾਬ ਨੂੰ ਦੇਖ ਕੇ ਇਉਂ ਲਾਚੜ ਜਾਂਦੇ ਹਨ ਜਿਵੇਂ ਖਿੱਲਾਂ ਦੇਖ ਕੇ ਬਾਂਦਰ ਲਾਚੜਦੈ। ਆਪਾਂ ਸਾਰੇ ਸਮਾਜ ਬਦਲਣ ਲਈ ਲਿਖਣ ਦਾ ਦਾਅਵਾ ਕਰਦੇ ਹਾਂ ਪਰ ਸਮਾਜ ਸਵਾਹ ਬਦਲਣੈ ? ਇੱਕ ਦਿਨ ਲਈ ਜੀਭ ਦਾ ਸੁਆਦ ਤਾਂ ਬਦਲ ਨਹੀਂ ਸਕਦੇ ? ਓਥੇ ਹਾਜ਼ਰ ਬੀਬੀਆਂ ਨੇ ਤਾਂ ਮੇਰੇ ਹੱਕ 'ਚ ਵੋਟ ਪਾਈ ਪਰ 'ਬੀਅਰ ਮਾਰਕਾ ਸਾਹਿਤਕਾਰ' ਮੇਰੇ ਵੱਲ ਇਉਂ ਝਾਕੇ ਜਿਵੇਂ ਮੈਂ ਡਾਂਗ ਮਾਰ ਦਿੱਤੀ ਹੋਵੇ। ਸ਼ਾਇਦ ਉਹਨਾਂ ਨੂੰ ਸੋਫੀ ਕਵੀ ਦਰਬਾਰ ਦੀ ਥਾਂ ÷ਉਰਲ੍ਹ ਉਰਲ੍ਹ ਕਵੀ ਦਰਬਾਰ÷ ਵਧੇਰੇ ਚੰਗਾ ਲਗਦਾ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਆਪਾਂ ਨੂੰ ਓਸ ਸਭਾ ਵਾਲਿਆਂ ਨੇ ਸਮਾਗਮ 'ਚ ਸੱਦਣਾ ਵੀ ਮੁਨਾਸਿਬ ਨਾ ਸਮਝਿਆ। ਹੁਣ ਜਦੋਂ ਓਸ ਸਭਾ ਤੋਂ ਪਾਸੇ ਹੋ ਕੇ ਮਲਾਈ ਛਕਣ ਦੇ ਚਾਹਵਾਨ ਜੋੜੇ ਨੇ ਆਪਣੀ ਵੱਖਰੀ ਦੁਕਾਨ ਖੋਲ੍ਹ ਲਈ ਤਾਂ ਸਾਹਿਤਕਾਰਾਂ ਦੇ ਮੇਲੇ ਦੇ ਨਾਂ 'ਤੇ ਬੀਅਰਾਂ ਦਾ ਦੌਰ ਓਵੇਂ ਹੀ ਚੱਲਿਆ। ਦੋ ਦੋ ਕਵਿਤਾਵਾਂ ਸੁਣਾ ਕੇ ਕਵੀਜਨ ਆਥਣ ਨੂੰ ਬੀਅਰਾਂ ਵਿਸਕੀ ਨੂੰ ਇਉਂ ਲਪਕੇ ਜਿਵੇਂ ਮੱਝ ਸੂਆ ਕੇ ਆਏ ਹੋਣ। 16 ਸਾਲ ਪਹਿਲਾਂ ਵਾਲੀ ਮੀਟਿੰਗ 'ਚ ਬੈਠੀਆਂ ਬੀਬੀਆਂ ਅੱਜ ਸੀਲ ਮੁਰਗੀਆਂ ਵਾਂਗ ਬੈਠੀਆਂ ਅੱਖਾਂ ਸਾਹਮਣੇ ਬੀਅਰ ਵਿਸਕੀ ਦੇ ਜਾਮ ਖੜਕਦੇ ਦੇਖ ਰਹੀਆਂ ਸਨ।

ਸੋ ਮਹਾਂਪੁਰਸ਼ੋ ! ਇਸ ਲਿਖਤ ਦਾ ਤੱਤ ਸਾਰ ਇਹ ਐ ਕਿ ਅੱਜ ਕੱਲ੍ਹ ਮਾਂ ਬੋਲੀ ਦੀ ਸੇਵਾ ਦੇ ਨਾਂ 'ਤੇ ਜੁਗਾੜ ਸ਼ਬਦ ਵਧੇਰੇ ਵਧ ਫੁੱਲ ਰਿਹਾ ਹੈ। ਧਾਰਮਿਕ ਅਦਾਰਿਆਂ ਤੋਂ ਲੋਕਾਂ ਦਾ ਦਸਵੰਧ ਫੰਡ ਦੇ ਰੂਪ 'ਚ ਲੈ ਕੇ ਜਦੋਂ ਲੇਖਕ ਭਾਈਚਾਰਾ ਮੁਫਤ ਦਾ ਲਾਹਣ 'ਡੱਫ' ਕੇ ਗੱਡੀਆਂ 'ਚ ਉਲਟੀਆਂ ਕਰਦਾ ਦਿਸਦੈ ਤਾਂ ਇਹੀ ਸ਼ਬਦ ਮੂੰਹੋਂ ਨਿੱਕਲਦੇ ਹਨ ਕਿ ÷ਮਾਂ ਬੋਲੀਏ ! ਤੇਰਾ ਦ੍ਰੋਪਦੀ ਵਾਂਙ ਚੀਰਹਰਨ ਕਰਨ ਵਾਲੇ ਕੋਈ ਹੋਰ ਨਹੀਂ, ਸਗੋਂ ਤੇਰੇ ਆਵਦੇ ਸਕੇ ਪੁੱਤ ਹੀ ਹਨ। ਇਹ ਐਨੇ ਕੁ ਅੰਨ੍ਹੇ ਹੋ ਗਏ ਹਨ ਕਿ ਆਵਦੀ ਪ੍ਰਧਾਨਗੀ ਜਾਂ ਸਕੱਤਰੀ ਦੀ ਸਲਾਮਤੀ ਲਈ ਤੈਨੂੰ ਕਿਸੇ ਦਾ ਵੀ ਬਿਸਤਰਾ ਗਰਮ ਕਰਨ ਲਈ ਮਜਬੂਰ ਕਰ ਸਕਦੇ ਹਨ।÷

# ਆਮ ਆਦਮੀ ਪਾਰਟੀ ਦਾ ਨਿਆਂ ਨਾਲ ਦੋਗਲਾ ਵਤੀਰਾ

## ਵਿਧਾਨ ਸਭਾ ਦੀ ਦੁਰਵਰਤੋਂ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ, ਜਦਕਿ 1986 ਦੇ ਨਕੋਦਰ ਗੋਲੀਕਾਂਡ ਦੀ ਸੱਚਾਈ ਨੂੰ ਰੋਕਿਆ ਜਾ ਰਿਹਾ ਹੈ: ਖਹਿਰਾ



ਭੁਲੱਥ/ ਨਿਊਯਾਰਕ ( ਰਾਜ ਗੋਗਨਾ)- ਸੁਖਪਾਲ ਸਿੰਘ ਖਹਿਰਾ, ਵਿਧਾਇਕ ਭੁਲੱਥ,ਨੇ ਅੱਜ ਆਮ ਆਦਮੀ ਪਾਰਟੀ (ਆਪ) ਸਰਕਾਰ ਦੀ 1986 ਦੇ ਨਕੋਦਰ ਗੋਲੀਕਾਂਡ, 2015 ਦੇ ਬਰਗਾੜੀ ਬੇਅਦਬੀ, ਅਤੇ ਬਹਿਬਲ ਕਲਾਂ ਪੁਲੀਸ ਗੋਲੀਕਾਂਡ ਵਰਗੇ ਸੰਵੇਦਨਸ਼ੀਲ ਧਾਰਮਿਕ ਅਤੇ ਮਨੁੱਖੀ ਅਧਿਕਾਰ ਮੁੱਦਿਆਂ ਨੂੰ ਸਿਆਸੀ ਲਾਭ ਲਈ ਸ਼ੋਸ਼ਣ ਕਰਨ ਅਤੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਨਿਆਂ ਨੂੰ ਰੋਕਣ ਦੀ ਸਖ਼ਤ ਨਿੰਦਾ ਕੀਤੀ। ਖਹਿਰਾ ਵੱਲੋ ਜਾਰੀ ਪ੍ਰੈਸ ਰਿਲੀਜ ਚ' ਖਹਿਰਾ ਨੇ ਸੀਨੀਅਰ ਆਪ ਆਗੂਆਂ, ਜਿਨ੍ਹਾਂ ਵਿੱਚ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਸ਼ਾਮਲ ਹਨ, ਤੇ ਦੋਸ਼ ਲਗਾਇਆ ਕਿ ਉਹ ਜਾਣਬੁੱਝ ਕੇ ਪੰਜਾਬ ਵਿਧਾਨ ਸਭਾ ਦੀ ਦੁਰਵਰਤੋਂ ਕਰਕੇ ਜਨਤਾ ਦਾ ਧਿਆਨ ਪਾਰਟੀ ਦੀ ਗੰਭੀਰ ਮਨੁੱਖੀ ਅਧਿਕਾਰ ਉਲੰਘਣਾਂ 'ਤੇ ਕਾਰਵਾਈ ਨਾ ਕਰਨ ਦੀ ਅਸਫਲਤਾ ਤੋਂ ਹਟਾ ਰਹੇ ਹਨ। ਖਹਿਰਾ ਨੇ ਕਿਹਾ ਕਿ ਨਿਆਂ ਦੀ ਪਿੱਛਾ ਕਰਨ ਦੀ ਬਜਾਏ, ਆਪ ਵਿਧਾਨ ਸਭਾ ਦੇ ਮੰਚ ਨੂੰ ਉਨ੍ਹਾਂ ਵਰਗੇ ਸਿਆਸੀ ਵਿਰੋਧੀਆਂ ਨੂੰ ਬਦਨੀਅਤ ਨਾਲ ਨਿਸ਼ਾਨਾ ਬਣਾਉਣ ਲਈ ਵਰਤ ਰਹੀ ਹੈ।"ਨਕੋਦਰ ਨਰਸੰਘਾਰ ਦੇ ਅਸਲ ਅਪਰਾਧੀਆਂ ਖਿਲਾਫ ਕਾਰਵਾਈ ਕਰਨ ਦੀ ਬਜਾਏ, ਆਪ ਆਗੂ ਵਿਧਾਨ ਸਭਾ ਨੂੰ ਨਿੱਜੀ ਅਤੇ ਸਿਆਸੀ ਸਕੋਰ ਸੈਟਲ ਕਰਨ ਲਈ ਵਰਤ ਰਹੇ ਹਨ। ਇਹ ਜਨਤਾ ਦੇ ਵਿਸ਼ਵਾਸ ਨਾਲ ਵਿਸ਼ਵਾਸਘਾਤ ਅਤੇ ਸੱਤਾ ਦਾ ਘੋਰ ਦੁਰਉਪਯੋਗ ਹੈ,"ਖਹਿਰਾ ਨੇ ਕਿਹਾ। ਹਾਲ ਹੀ ਦੀ ਇੱਕ ਮੀਡੀਆ ਰਿਪੋਰਟ ਦਾ ਹਵਾਲਾ ਦਿੰਦਿਆਂ, ਖਹਿਰਾ ਨੇ ਬਲਦੇਵ ਸਿੰਘ, ਜੋ 1986 ਦੇ ਨਕੋਦਰ ਪੁਲਿਸ ਗੋਲੀਕਾਂਡ ਵਿੱਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਵਿੱਚੋਂ ਇੱਕ ਰੁਪਿੰਦਰ ਸਿੰਘ ਦੇ ਪਿਤਾ ਹਨ, ਦੇ ਬਿਆਨ ਨੂੰ ਉਜਾਗਰ ਕੀਤਾ। ਬਲਦੇਵ ਸਿੰਘ ਨੇ ਖੁੱਲ੍ਹੇਆਮ ਦੋਸ਼ ਲਗਾਇਆ ਹੈ ਕਿ ਆਪ ਆਗੂ ਹਰਪਾਲ ਚੀਮਾ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਿਆਂ ਨੂੰ ਸਰਗਰਮੀ ਨਾਲ ਰੋਕ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਅਤੇ ਹੋਰ ਪੀੜਤ ਪਰਿਵਾਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ 17 ਲਿਖਤੀ ਪਟੀਸ਼ਨਾਂ ਜਮ ?ਹਾਂ ਕਰਵਾਈਆਂ ਹਨ, ਜਿਨ੍ਹਾਂ ਦੀਆਂ ਕਾਪੀਆਂ ਚੀਮਾ ਅਤੇ ਸੰਧਵਾਂ ਨੂੰ ਵੀ ਦਿੱਤੀਆਂ ਗਈਆਂ। ਬਲਦੇਵ ਸਿੰਘ ਨੇ ਦੋਸ਼ ਲਗਾਇਆ ਕਿ ਆਪ ਲੀਡਰਸ਼ਿਪ ਨੇ ਕਾਰਵਾਈ ਕਰਨ ਦੀ ਬਜਾਏ, ਨਕੋਦਰ ਕਤਲਾਂ ਦੇ ਦੋਸ਼ੀਆਂ ਨੂੰ ਬਚਾਉਣ ਦੀ ਚੋਣ ਕੀਤੀ ਹੈ।

"ਅਸੀਂ ਵਾਰ-ਵਾਰ ਪਟੀਸ਼ਨਾਂ ਭੇਜੀਆਂ ਹਨ, ਜਿਨ੍ਹਾਂ ਵਿੱਚੋਂ ਇੱਕ 7 ਅਕਤੂਬਰ, 2023 ਨੂੰ ਸੀ। ਇਸ ਦੇ ਬਾਵਜੂਦ, ਕੋਈ ਕਾਰਵਾਈ ਨਹੀਂ ਹੋਈ, ਸਿਰਫ ਧੋਖਾ ਮਿਲਿਆ। ਆਪ ਸਰਕਾਰ ਸਪੱਸ਼ਟ ਤੌਰ 'ਤੇ ਸਾਡੇ ਪੁੱਤਰਾਂ ਦੇ ਕਤਲਾਂ ਦੇ ਜ਼ਿੰਮੇਵਾਰ ਲੋਕਾਂ ਨੂੰ ਬਚਾ ਰਹੀ ਹੈ,"ਬਲਦੇਵ ਸਿੰਘ ਨੇ ਕਿਹਾ। ਉਨ੍ਹਾਂ ਨੇ ਅੱਗੇ ਦੋਸ਼ ਲਗਾਇਆ ਕਿ ਸਤੰਬਰ 2022 ਵਿੱਚ ਸਪੀਕਰ ਨੂੰ ਪਟੀਸ਼ਨ ਦਿੱਤੇ ਜਾਣ ਦੇ ਬਾਵਜੂਦ, ਰਾਜ ਦੇ ਐਡਵੋਕੇਟ ਜਨਰਲ ਦੇ ਦਫਤਰ ਨੇ, ਜੋ ਕਥਿਤ ਤੌਰ 'ਤੇ ਆਪ ਦੇ ਨਿਰਦੇਸ਼ਾਂ ਅਧੀਨ ਸੀ, ਜਾਣਬੁੱਝ ਕੇ ਮਾਮਲੇ ਨੂੰ ਗੁੰਮਰਾਹ ਕਰਕੇ ਹਾਈ ਕੋਰਟ ਵਿੱਚ ਪਟੀਸ਼ਨ ਨੂੰ ਬਿਨਾਂ ਨਿਆਂ ਦੇ ਨਿਪਟਾ ਦਿੱਤਾ।"ਇਹ ਵਿਸ਼ਵਾਸਘਾਤ ਤੋਂ ਘੱਟ ਨਹੀਂ ਹੈ। ਆਪ ਆਗੂਆਂ ਨੇ ਵਿਰੋਧੀ ਧਿਰ ਵਿੱਚ ਹੁੰਦਿਆਂ ਸਾਡੇ ਦੁੱਖ ਦੀ ਵਰਤੋਂ ਵੋਟਾਂ ਲੈਣ ਲਈ ਕੀਤੀ। ਪਰ ਹੁਣ ਸੱਤਾ ਵਿੱਚ, ਉਨ੍ਹਾਂ ਨੇ ਸਾਡੇ ਨਾਲ ਪੂਰੀ ਤਰ੍ਹਾਂ ਮੂੰਹ ਮੋੜ ਲਿਆ ਹੈ,"ਬਲਦੇਵ ਸਿੰਘ ਨੇ ਕਿਹਾ। ਖਹਿਰਾ ਨੇ ਇਸ ਦੋਗਲੇਪਣ ਦੀ ਸਖ਼ਤ ਨਿੰਦਾ ਕੀਤੀ ਅਤੇ ਸਵਾਲ ਕੀਤਾ ਕਿ ਆਪ ਦੇ ਸਾਢੇ ਤਿੰਨ ਸਾਲ ਦੇ ਸ਼ਾਸਨ ਦੇ ਬਾਵਜੂਦ ਨਕੋਦਰ ਜਾਂ ਬਰਗਾੜੀ ਮਾਮਲਿਆਂ ਵਿੱਚ ਇੱਕ ਵੀ ਅਧਿਕਾਰੀ ਜਾਂ ਸਿਆਸਤਦਾਨ 'ਤੇ ਮੁਕੱਦਮਾ ਕਿਉਂ ਨਹੀਂ ਚਲਾਇਆ ਗਿਆ।ਜਿਵੇਂ ਬਰਗਾੜੀ ਵਿੱਚ ਕੋਈ ਨਿਆਂ ਨਹੀਂ ਮਿਲਿਆ, ਉਵੇਂ ਹੀ ਹੁਣ ਉਹ ਵਿਧਾਨ ਸਭਾ ਵਿੱਚ ਡਰਾਮਾ ਕਰਕੇ ਆਪਣੇ ਅਪਰਾਧ ਅਤੇ ਅਸਫਲਤਾ ਤੋਂ ਧਿਆਨ ਹਟਾ ਰਹੇ ਹਨ,"ਖਹਿਰਾ ਨੇ ਕਿਹਾ। ਉਨ੍ਹਾਂ ਨੇ ਮੰਗ ਕੀਤੀ ਹੈ ਕਿ 1. ਗੁਰਨਾਮ ਸਿੰਘ ਕਮਿਸ਼ਨ ਦੀ ਪੂਰੀ, ਬਿਨਾਂ ਸੋਧੀ ਰਿਪੋਰਟ ਵਿਧਾਨ ਸਭਾ ਵਿੱਚ ਪੇਸ਼ ਕੀਤੀ ਜਾਵੇ। 2. ਨਕੋਦਰ ਗੋਲੀਕਾਂਡ ਅਤੇ ਬੇਅਦਬੀ ਘਟਨਾਵਾਂ ਦੀ ਸੀਬੀਆਈ ਜਾਂਚ ਕੀਤੀ ਜਾਵੇ।3. ਸੰਬੰਧਿਤ ਅਧਿਕਾਰੀਆਂ ਨੂੰ ਮੁਅੱਤਲ ਕਰਕੇ ਮੁਕੱਦਮਾ ਚਲਾਇਆ ਜਾਵੇ। 4. ਧਾਰਮਿਕ ਅਤੇ ਭਾਵਨਾਤਮਕ ਮੁੱਦਿਆਂ ਦੀ ਸਿਆਸੀ ਸ਼ੋਸ਼ਣਬਾਜ਼ੀ ਨੂੰ ਚੋਣ ਲਾਭ ਲਈ ਬੰਦ ਕੀਤਾ ਜਾਵੇ।ਇਹ ਸਿਰਫ ਨਿਆਂ ਵਿੱਚ ਦੇਰੀ ਦਾ ਮੁੱਦਾ ਨਹੀਂ, ਸਗੋਂ ਨਿਆਂ ਨੂੰ ਪੂਰੀ ਤਰ੍ਹਾਂ ਨਕਾਰਨ ਦਾ ਮਾਮਲਾ ਹੈ। ਮੈਂ ਪੰਜਾਬੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪ ਦੀ ਖੇਡ ਨੂੰ ਸਮਝਣ। ਉਨ੍ਹਾਂ ਦਾ ਝੂਠਾ ਨੈਤਿਕ ਉੱਚ ਸਥਾਨ ਢਹਿ ਗਿਆ ਹੈ,"ਖਹਿਰਾ ਨੇ ਅੰਤ ਵਿੱਚ ਕਿਹਾ।

# ਥੋੜ੍ਹੀ ਇਨਸਾਨੀਅਤ ਤਾਂ ਵਿਖਾਉਂਦਾ ਡਰਾਈਵਰ : ਫੌਜਾ ਸਿੰਘ ਦਾ ਬੇਟਾ

ਚੰਡੀਗੜ੍ਹ : ਮਰਹੂਮ ਮੈਰਾਥਨ ਦੌੜਾਕ ਫੌਜਾ ਸਿੰਘ ਦੇ ਬੇਟੇ ਨੇ ਅਪਣੇ ਪਿਤਾ ਨੂੰ ਟੱਕਰ ਮਾਰਨ ਦੇ ਮੁਲਜ਼ਮ ਡਰਾਈਵਰ ਨੂੰ ਫਿਟਕਾਰ ਪਾਉਂਦੇ ਹੋਏ ਕਿਹਾ ਹੈ ਕਿ ਉਸ ਨੂੰ ਇਨਸਾਨੀਅਤ ਵਿਖਾ ਕੇ ਫ਼ੌਜਾ ਸਿੰਘ ਨੂੰ ਹਸਪਤਾਲ ਲਿਜਾਣਾ ਚਾਹੀਦਾ ਸੀ। ਮੈਰਾਥਨ ਦੌੜਾਕ ਦੇ ਬੇਟੇ ਹਰਵਿੰਦਰ ਸਿੰਘ ਨੇ ਦਸਿਆ ਕਿ ਮੁਲਜ਼ਮ ਡਰਾਈਵਰ ਅੰਮ੍ਰਿਤਪਾਲ ਸਿੰਘ ਢਿੱਲੋਂ ਸਥਾਨਕ ਸੀ ਅਤੇ ਉਸ ਦੇ ਪਿੰਡ ਬਿਆਸ ਨੇੜੇ ਰਹਿੰਦਾ ਸੀ। ਉਨ੍ਹਾਂ ਦੇ ਪਰਵਾਰ ਇਕ-ਦੂਜੇ ਨੂੰ ਜਾਣਦੇ ਸਨ। ਉਨ੍ਹਾਂ ਕਿਹਾ, ''ਮੈਂ ਪੜ੍ਹਿਆ ਹੈ ਕਿ ਉਸ ਨੇ ਦਾਅਵਾ ਕੀਤਾ ਸੀ ਕਿ ਉਹ ਨਹੀਂ ਜਾਣਦਾ ਸੀ ਕਿ ਉਸ ਨੇ ਕਿਸ ਨੂੰ ਮਾਰਿਆ ਸੀ। ਹਾਲਾਂਕਿ, ਉਹ ਇਕ ਸਥਾਨਕ ਵਾਸੀ ਸੀ ਅਤੇ ਉਸ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਕਿਸੇ ਬਜ਼ੁਰਗ ਨੂੰ ਉਸ ਦੀ ਗੱਡੀ ਨੇ ਟੱਕਰ ਮਾਰ ਦਿਤੀ ਸੀ। ਜੇ ਉਹ ਮੌਕੇ ਤੋਂ ਭੱਜ ਕੇ ਮੇਰੇ ਪਿਤਾ ਨੂੰ ਹਸਪਤਾਲ ਨਾ ਲੈ ਜਾਂਦਾ ਤਾਂ ਸ਼ਾਇਦ ਉਸ ਦੀ ਜਾਨ ਬਚ ਸਕਦੀ ਸੀ।'' ਹਰਵਿੰਦਰ ਨੇ ਜ਼ੋਰ ਦੇ ਕੇ ਕਿਹਾ ਕਿ ਢਿੱਲੋਂ ਨੂੰ ਘਟਨਾ ਤੋਂ ਬਾਅਦ ਅਪਣੇ ਪਰਵਾਰ ਨਾਲ ਗੱਲ ਕਰਨੀ ਚਾਹੀਦੀ ਸੀ, ਭਾਵੇਂ ਉਹ ਡਰਿਆ ਹੋਇਆ ਸੀ ਅਤੇ ਮੰਨਿਆ ਸੀ ਕਿ ਉਹ ਜ਼ਿੰਮੇਵਾਰ ਸੀ। ਉਨ੍ਹਾਂ ਕਿਹਾ, ''ਉਹ ਸਾਡਾ ਦੁਸ਼ਮਣ ਨਹੀਂ ਸੀ; ਉਹ ਸਾਡੇ ਕੋਲ ਪਹੁੰਚ ਸਕਦਾ ਸੀ ਅਤੇ ਅਪਣੀ ਗ਼ਲਤੀ ਮੰਨ ਸਕਦਾ ਸੀ। ਘੱਟੋ-ਘੱਟ ਇਨਸਾਨੀਅਤ ਲਈ ਉਨ੍ਹਾਂ ਨੂੰ ਅੱਗੇ ਆਉਣਾ ਚਾਹੀਦਾ ਸੀ। ਹੁਣ ਪੁਲਿਸ ਨੇ ਇਸ ਮਾਮਲੇ ਵਿਚ ਕਾਰਵਾਈ ਕੀਤੀ ਹੈ ਅਤੇ ਮਾਮਲਾ ਉਨ੍ਹਾਂ ਦੇ ਹੱਥ ਵਿਚ ਹੈ।'' ਦੁਨੀਆਂ ਦੇ ਸੱਭ ਤੋਂ ਬਜ਼ੁਰਗ ਮੈਰਾਥਨ ਦੌੜਾਕ ਫੌਜਾ ਸਿੰਘ ਦਾ ਅੰਤਿਮ ਸੰਸਕਾਰ ਐਤਵਾਰ ਨੂੰ ਦੁਪਹਿਰ 12 ਵਜੇ ਜਲੰਧਰ ਦੇ ਉਨ੍ਹਾਂ ਦੇ ਪਿੰਡ ਬਿਆਸ 'ਚ ਕੀਤਾ ਜਾਵੇਗਾ। ਹਰਵਿੰਦਰ ਨੇ ਕਿਹਾ, ''ਸਾਡੇ ਬਹੁਤ ਸਾਰੇ ਰਿਸ਼ਤੇਦਾਰ ਜੋ ਵਿਦੇਸ਼ ਵਿਚ ਰਹਿੰਦੇ ਹਨ, ਪਹੁੰਚ ਗਏ ਹਨ, ਜਦਕਿ ਕੁੱਝ ਹੋਰ ਸਨਿਚਰਵਾਰ ਤਕ ਪਹੁੰਚ ਜਾਣਗੇ।'' ਢਿੱਲੋਂ (26) ਨੂੰ ਮੰਗਲਵਾਰ ਰਾਤ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬੁਧਵਾਰ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿਤਾ ਗਿਆ ਸੀ। ਪੁਲਿਸ ਨੇ ਕਿਹਾ ਸੀ ਕਿ ਢਿੱਲੋਂ ਤਿੰਨ ਹਫ਼ਤੇ ਪਹਿਲਾਂ ਹੀ ਪੰਜਾਬ ਵਾਪਸ ਆਇਆ ਸੀ। ਜਲੰਧਰ ਦਿਹਾਤੀ ਦੇ ਐੱਸ.ਐੱਸ.ਪੀ. ਹਰਵਿੰਦਰ ਸਿੰਘ ਨੇ ਬੁਧਵਾਰ ਨੂੰ ਦਸਿਆ ਕਿ ਉਸ ਦੀ ਗੱਡੀ ਵੀ ਜ਼ਬਤ ਕਰ ਲਈ ਗਈ ਹੈ।

# ਪ੍ਰਧਾਨ ਮੰਤਰੀ ਮੋਦੀ ਦੇ ਵਿਕਸਿਤ ਭਾਰਤ 2047 ਦੇ ਟੀਚੇ ਲਈ ਸਕੰਲਪ ਤੇ ਚੁਣੌਤੀਆ



ਅੱਜ, ਭਾਰਤ ਦੁਨੀਆ ਦੀ ਸਭ ਤੋਂ ਵੱਡੀ ਨੌਜਵਾਨ ਆਬਾਦੀ ਵਿੱਚੋਂ ਇੱਕ ਹੈ ਅਤੇ ਇਹ ਅਕਸਰ ਕਿਹਾ ਜਾਂਦਾ ਹੈ ਕਿ ਜੇਕਰ ਕੋਈ ਦੇਸ਼ ਤਰੱਕੀ ਅਤੇ ਵਿਕਸਤ ਹੋਣਾ ਚਾਹੁੰਦਾ ਹੈ, ਤਾਂ ਇਸਦੇ ਨੌਜਵਾਨਾਂ ਨੂੰ ਸਸ਼ਕਤ ਬਣਾਇਆ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਗਾਤਾਰ ਇਸ ਗੱਲ ’ਤੇ ਜ਼ੋਰ ਦਿੱਤਾ ਹੈ ਕਿ ਜੇਕਰ ਭਾਰਤ 2047 ਤੱਕ ਵਿਕਾਸ ਭਾਰਤ ਬਣਨਾ ਹੈ, ਤਾਂ ਸਾਡੀ ਯੁਵਾ ਸ਼ਕਤੀ ਨੂੰ ਸਸ਼ਕਤ ਅਤੇ ਰਾਸ਼ਟਰ ਨਿਰਮਾਣ ਦੀ ਪ੍ਰਕਿ ?ਰਿਆ ਵਿੱਚ ਸਰਗਰਮੀ ਨਾਲ ਸ਼ਾਮਲ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਊਰਜਾ, ਨਵੀਨਤਾ ਅਤੇ ਦ੍ਰਿੜਤਾ ਆਉਣ ਵਾਲੇ ਦਹਾਕਿਆਂ ਵਿੱਚ ਦੇਸ਼ ਦੇ ਵਿਕਾਸ ਨੂੰ ਆਕਾਰ ਦੇਵੇਗੀ।

ਸਮੇਂ ਦੇ ਚੱਲਦਿਆਂ ਭਾਰਤ ਅਗਲੇ 4 ਸਾਲਾਂ ਵਿੱਚ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੇ ਰਾਹ ’ਤੇ ਹੈ, ਜੋ ਇਸਨੂੰ ਵਿਸ਼ਵਵਿਆਪੀ ਮਾਮਲਿਆਂ ਵਿੱਚ ਇੱਕ ਮੁੱਖ ਖਿਡਾਰੀ ਵਜੋਂ ਸਥਾਪਿਤ ਕਰੇਗਾ। ਵਿਕਸਿਤ ਭਾਰਤ 2047 ਦਾ ਮੁੱਖ ਟੀਚਾ ਲਗਭਗ ਦੋ ਦਹਾਕਿਆਂ ਦੇ ਅੰਦਰ 30 ਟ੍ਰਿਲੀਅਨ ਡਾਲਰ ਦੀ ਵਿਕਸਤ ਅਰਥਵਿਵਸਥਾ ਪ੍ਰਾਪਤ ਕਰਨਾ ਹੈ, ਜੋ ਕਿ 1.65 ਬਿਲੀਅਨ ਦੀ ਅਨੁਮਾਨਿਤ ਆਬਾਦੀ ਨੂੰ ਪੂਰਾ ਕਰਦਾ ਹੈ।

ਵਿਕਸਿਤ ਭਾਰਤ ਦੇ ਉਦੇਸ਼ ਆਰਥਿਕ ਵਿਕਾਸ, ਟਿਕਾਊ ਵਿਕਾਸ ਟੀਚਿਆਂ , ਜੀਵਨ ਦੀ ਗੁਣਵੱਤਾ ਵਿੱਚ ਸੁਧਾਰ, ਵਪਾਰਕ ਵਾਤਾਵਰਣ ਨੂੰ ਵਧਾਉਣਾ, ਬੁਨਿਆਦੀ ਢਾਂਚਾ ਵਿਕਸਤ ਕਰਨਾ ਅਤੇ ਸਮਾਜਿਕ ਭਲਾਈ ਨੂੰ ਉਤਸ਼ਾਹਿਤ ਕਰਨ ਸਮੇਤ ਕਈ ਖੇਤਰਾਂ ਨੂੰ ਕਵਰ ਕਰਦਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਲੋਕਤੰਤਰ ਦੇ ਤੱਤ ਪ੍ਰਤੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਨੇ ÷ਵਿਕਸਿਤ ਭਾਰਤ 2047 ਲਈ ਨੌਜਵਾਨਾਂ ਤੋਂ ਵਿਚਾਰ÷ ਨਾਮਕ ਇੱਕ ਪਹਿਲਕਦਮੀ ਦੇ ਤਹਿਤ ਭਾਰਤ ਦੇ ਨੌਜਵਾਨਾਂ ਨਾਲ ਜੁੜ ਕੇ 15-20 ਲੱਖ ਸੁਝਾਅ ਇਕੱਠੇ ਕੀਤੇ ਅਤੇ ਫਿਰ ਇਨ੍ਹਾਂ ਵਿਚਾਰਾਂ ਨੂੰ ਸ਼ ?ਰੇਣੀਆਂ ਵਿੱਚ ਸੰਗਠਿਤ ਕਰਨ ਲਈ ਯੋਜਨਾਵਾਂ ਨੂੰ ਉਲੀਕਿਆਂ ਹੈ।

ਇਨ੍ਹਾਂ ਸ਼ ?ਰੇਣੀਬੱਧ ਯੋਜਨਾਵਾਂ ਨੂੰ ਸਰਕਾਰੀ ਅਧਿਕਾਰੀਆਂ ਦੁਆਰਾ ਹੋਰ ਸੁਧਾਰਿਆ ਅਤੇ ਵਿਕਸਤ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਮੋਦੀ ਦਾ ਇਹ ਇੱਕ ਬਹੁਤ ਵਧੀਆ ਯੋਜਨਾ ਹੈ। ਪਰ ਇਹ ਉਦੋਂ ਤੱਕ ਨਹੀਂ ਹੋ ਸਕਦਾ ਜਦੋਂ ਤੱਕ ਅਧਿਕਾਰੀਆਂ, ਸਮਾਜਾਂ ਦੁਆਰਾ ਭ੍ਰਿਸ਼ਟਾਚਾਰ ਨੂੰ ਜਨਤਕ ਅੰਦੋਲਨਾਂ ਦੁਆਰਾ ਨਹੀਂ ਰੋਕਿਆ ਜਾਂਦਾ ਅਤੇ ਸਰਕਾਰ ਦੁਆਰਾ ਹਰੇਕ ਠੇਕੇ ਵਿੱਚ ਜਿੱਥੇ ਜਨਤਕ ਪੈਸਾ ਸ਼ਾਮਲ ਹੁੰਦਾ ਹੈ, ਸਹੀ ਆਡਿਟ ਨਹੀਂ ਕੀਤਾ ਜਾਂਦਾ। ਪੂਰਾ ਸਹਿਕਾਰੀ ਖੇਤਰ ਭ੍ਰਿਸ਼ਟਾਚਾਰ ਨਾਲ ਭਰਿਆ ਹੋਇਆ ਹੈ ਅਤੇ ਸਰਕਾਰ ਨੂੰ ਅਹੁਦੇਦਾਰਾਂ, ਪ੍ਰਬੰਧਨ ਦੁਆਰਾ ਦਿੱਤੇ ਗਏ ਠੇਕਿਆਂ ਵਿੱਚ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਖ਼ਤ ਕਾਨੂੰਨ ਲਿਆਉਣੇ ਵੀ ਜਰੂਰੀ ਹਨ।

ਇਹ ਵੀ ਵਿਚਾਰਨ ਯੋਗ ਮੁਦਾ ਹੈ ਕਿ ਕੀ ਭਾਰਤ ਉਦੋਂ ਤੱਕ ਆਪਣੀ ਵਧਦੀ ਆਬਾਦੀ ਨਾਲ ਪੂਰੀ ਤਰ੍ਹਾਂ ਤਬਾਹ ਵੀ ਹੋ ਸਕਦਾ ਹੈ, ਆਲੇ-ਦੁਆਲੇ ਕੋਈ ਵੀ ਜ਼ਮੀਨ ਕੰਕਰੀਟ ਤੋਂ ਬਿਨਾਂ ਨਹੀਂ ਬਚੀ ਹੋਵੇਗੀ। ਭਾਵੇਂ ਉਹ ਆਬਾਦੀ ਨੂੰ ਕੰਟਰੋਲ ਕਰਦੇ ਹਨ, ਇੰਨੀਆਂ ਵਿ ?ਭੰਨ ਸੱਭਿਆਚਾਰਾਂ ਦਾ ਹੋਣਾ ਇੱਕ ਵਿਕਸਤ ਰਾਸ਼ਟਰ ਬਣਨ ਵਿੱਚ ਇੱਕ ਹੋਰ ਰੁਕਾਵਟ ਹੈ, ਦੇਸ਼ ਕਦੇ ਵੀ ਇੱਕ ਸਾਂਝੇ ਟੀਚੇ ਨੂੰ ਪੂਰਾ ਕਰਨ ਲਈ ਇੱਕਜੁੱਟ ਨਹੀਂ ਹੁੰਦਾ। ਇੱਕ ਹੋਰ ਕਾਰਨ ਇਹ ਹੈ ਕਿ, ਭਾਰਤ ਇੱਕ ਗਰੀਬ ਦੇਸ਼ ਹੈ ਅਤੇ ਲੋਕਾਂ ਦਾ ਜੀਵਨ ਪੱਧਰ ਬਹੁਤ ਘੱਟ ਹੈ ਅਤੇ ਉਹ ਇਸ ਤੋਂ ਬਹੁਤ ਸੰਤੁਸ਼ਟ ਜਾਪਦੇ ਹਨ, ਉਹ ਪੱਛਮ ਵਿੱਚ ਸਭ ਤੋਂ ਵਧੀਆ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਨਹੀਂ ਕਰਦੇ। ਬੰਗਲੌਰ ਸੜਕ ਦੇ ਕਿਨਾਰੇ ਨਹਿਰਾਂ ਵਿੱਚ ਜਾਣ ਵਾਲੇ ਸਾਰੇ ਡਰੇਨੇਜ ਦੇ ਕਾਰਨ ਗੰਦਗੀ ਦੀ ਬਦਬੂ , ਉੱਥੇ ਰਹਿਣ ਵਾਲਾ ਕੋਈ ਵੀ ਇਸ ਬਾਰੇ ਸ਼ਿਕਾਇਤ ਨਹੀਂ ਕਰਦਾ ਜਾਂ ਇਸ ਬਾਰੇ ਕੁਝ ਨਹੀਂ ਕਰਦਾ ਜਾਂ ਸਥਾਨਕ ਸਿਆਸਤਦਾਨਾਂ ਨਾਲ ਇਸ ਬਾਰੇ ਗੱਲ ਵੀ ਨਹੀਂ ਕਰਦਾ। ਵਿਕਾਸ ਪ੍ਰਤੀ ਇਸ ਤਰ੍ਹਾਂ ਦੀ ਉਦਾਸੀਨਤਾ ਕਦੇ ਵੀ ਦੇਸ਼ ਨੂੰ ਮਹਾਂਸ਼ਕਤੀ ਨਹੀਂ ਬਣਾ ਸਕਦੀ। ਨਾਲ ਹੀ, ਜੇਕਰ ਅਸੀਂ ਭਾਰਤੀ ਕਦਰਾਂ-ਕੀਮਤਾਂ ਅਨੁਸਾਰ ਚੱਲੀਏ, ਤਾਂ ਭਾਰਤ ਕਿਸੇ ਵੀ ਤਰ੍ਹਾਂ ਮਹਾਂਸ਼ਕਤੀ ਬਣਨ ਵਿੱਚ ਵਿਸ਼ਵਾਸ ਨਹੀਂ ਰੱਖਦਾ, ਉਹ ਸ਼ਾਂਤੀ ਅਤੇ ਸਦਭਾਵਨਾ ਨਾਲ ਰਹਿਣਾ ਚਾਹੁੰਦੇ ਹਨ ਅਤੇ ਸਿਰਫ ਰੱਖਿਆ ਲਈ ਇੱਕ ਫੌਜ ਬਣਾਉਣਾ ਚਾਹੁੰਦੇ ਹਨ ਜੋ ਸਭ ਤੋਂ ਪਹਿਲਾਂ ਵਿਚਾਰਨ ਯੋਗ ਮੁੱਦੇ ਹਨ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਰਜੀਤ ਸਿੰਘ ਫਲੌਰਾ
647-829-9397

ਫਿਰ ਵੀ ਸ਼ਾਲਾ! ਪ੍ਰਧਾਨ ਮੰਤਰੀ ਮੋਦੀ ਜ਼ੋਰ ਦਿੰਦੇ ਹਨ ਕਿ ਉਨ੍ਹਾਂ ਦੀਆਂ ਸਾਰੀਆਂ ਕਾਰਵਾਈਆਂ ਵਿਕਸਿਤ ਭਾਰਤ 2047 ਦੇ ਦ੍ਰਿਸ਼ਟੀਕੋਣ ਦੁਆਰਾ ਨਿਰਦੇਸ਼ਤ ਹਨ ।ਹਾਲਾਂਕਿ, ਅੱਜ ਦੇਸ਼ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਸਾਡੇ ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀ ਪਕੜ ਤੋਂ ਦੂਰ ਰੱਖਣਾ ਹੈ। ਨੌਜਵਾਨਾਂ ਦੀ ਵੱਧਦੀ ਗਿਣਤੀ ਨਸ਼ੇ ਵਿੱਚ ਪੈ ਰਹੀ ਹੈ, ਜੋ ਨਾ ਸਿਰਫ਼ ਉਨ੍ਹਾਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਰਹੀ ਹੈ, ਸਗੋਂ ਉਨ੍ਹਾਂ ਦੇ ਭਵਿੱਖ ਅਤੇ ਦੇਸ਼ ਦੀ ਤਾਕਤ ਨੂੰ ਵੀ ਖ਼ਤਰੇ ਵਿਚ ਪਾ ਰਹੀ ਹੈ।

ਇੱਕ ਅਧਿਐਨ ਦੇ ਅਨੁਸਾਰ, 10 ਤੋਂ 24 ਸਾਲ ਦੀ ਉਮਰ ਦੇ ਹਰ 5 ਵਿੱਚੋਂ 1 ਭਾਰਤੀ ਨੇ ਕਿਸੇ ਨਾ ਕਿਸੇ ਸਮੇਂ ਨਸ਼ਿਆਂ ਦੀ ਵਰਤੋਂ ਕੀਤੀ ਹੈ। ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਦੀ ਇੱਕ ਰਿਪੋਰਟ ਅੱਗੇ ਦੱਸਦੀ ਹੈ ਕਿ ਭਾਰਤ ਵਿੱਚ 8.5 ਲੱਖ ਤੋਂ ਵੱਧ ਬੱਚੇ ਨਸ਼ੇ ਦੀ ਲਤ ਨਾਲ ਜੂਝ ਰਹੇ ਹਨ। ਇਹ ਅੰਕੜੇ ਬਹੁਤ ਚਿੰਤਾਜਨਕ ਹਨ ਅਤੇ ਤੁਰੰਤ, ਸਮੂਹਿਕ ਕਾਰਵਾਈ ਦੀ ਮੰਗ ਕਰਦੇ ਹਨ। ਪਿਛਲੇ 11 ਸਾਲਾਂ ਵਿੱਚ, ਮੋਦੀ ਸਰਕਾਰ ਨੇ ਇਸ ਮੁੱਦੇ ਦਾ ਮੁਕਾਬਲਾ ਕਰਨ ਲਈ ਕਈ ਗੰਭੀਰ ਕਦਮ ਚੁੱਕੇ ਹਨ। 2020 ਵਿੱਚ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਨਸ਼ਾ ਮੁਕਤ ਭਾਰਤ ਅਭਿਆਨ ਸ਼ੁਰੂ ਕੀਤਾ। ਰੋਕਥਾਮ ਅਤੇ ਪੁਨਰਵਾਸ ਦਾ ਸਮਰਥਨ ਕਰਨ ਲਈ, ਸਰਕਾਰ ਨੇ ਨਸ਼ੇੜੀਆਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਆਊਟਰੀਚ-ਵਰਕ-ਡ ?ਰੌਪ-ਇਨ ਸੈਂਟਰ ਸਥਾਪਤ ਕੀਤੇ। ਸਕੂਲਾਂ ਅਤੇ ਕਾਲਜਾਂ ਵਿੱਚ ਜਾਗਰੂਕਤਾ ਮੁਹਿੰਮਾਂ ਤੇਜ਼ ਹੋਈਆਂ ਹਨ, ਜਦੋਂ ਕਿ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਡਰੱਗ ਮਾਫੀਆ ਵਿਰੁੱਧ ਸਖ਼ਤ ਕਾਰਵਾਈਆਂ ਸ਼ੁਰੂ ਕੀਤੀਆਂ ਹਨ। ਇਸ ਤੋਂ ਇਲਾਵਾ, ਦੇਸ਼ ਭਰ ਵਿੱਚ ਸਿਹਤ ਅਤੇ ਤੰਦਰੁਸਤੀ ਕੇਂਦਰ ਮਹੱਤਵਪੂਰਨ ਸਲਾਹ ਅਤੇ ਸਹਾਇਤਾ ਪ੍ਰਦਾਨ ਕਰ ਰਹੇ ਹਨ। ਇਹਨਾਂ ਰਾਸ਼ਟਰੀ ਯਤਨਾਂ ਨੂੰ ਰਾਜ ਸਰਕਾਰਾਂ, ਸਥਾਨਕ ਭਾਈਚਾਰਿਆਂ ਦੀ ਅਗਵਾਈ ਵਿੱਚ ਜ਼ਮੀਨੀ ਪੱਧਰ ’ਤੇ ਮੁਹਿੰਮਾਂ ਦੁਆਰਾ ਪੂਰਕ ਕੀਤਾ ਗਿਆ ਹੈ।

ਇਸ ਮਿਸ਼ਨ ਨੂੰ ਅੱਗੇ ਵਧਾਉਂਦੇ ਹੋਏ, ਭਾਰਤ ਨੇ ਇੱਕ ਮਹੱਤਵਪੂਰਨ ਪਹਿਲਕਦਮੀ ਕੀਤੀ ਹੈ, ÷ਯੁਵਾ ਅਧਿਆਤਮਿਕ ਸੰਮੇਲਨ÷, ਜੋ ਕਿ 19 ਤੋਂ 20 ਜੁਲਾਈ ਤੱਕ ਬਾਬਾ ਵਿਸ਼ਵਨਾਥ ਦੀ ਧਰਤੀ ਕਾਸ਼ੀ ਦੇ ਪਵਿੱਤਰ ਘਾਟ ’ਤੇ ਆਯੋਜਿਤ ਕੀਤਾ ਜਾਵੇਗਾ। ÷ਵਿਕਸਤ ਭਾਰਤ ਲਈ ਨਸ਼ਾ-ਮੁਕਤ ਨੌਜਵਾਨ÷ ਥੀਮ ਵਾਲਾ ਇਹ ਸੰਮੇਲਨ ਪਦਾਰਥਾਂ ਦੀ ਦੁਰਵਰਤੋਂ ਵਿਰੁੱਧ ਨੌਜਵਾਨਾਂ ਦੀ ਅਗਵਾਈ ਵਾਲੇ ਰਾਸ਼ਟਰੀ ਅੰਦੋਲਨ ਦੀ ਨੀਂਹ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਇਹ ਸੰਮੇਲਨ ਭਾਰਤ ਭਰ ਦੇ 100 ਤੋਂ ਵੱਧ ਅਧਿਆਤਮਿਕ ਸੰਗਠਨਾਂ ਦੇ ਨੌਜਵਾਨ ਪ੍ਰਤੀਨਿਧੀਆਂ ਨੂੰ ਇਕੱਠਾ ਕਰੇਗਾ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ, ਸੱਭਿਆਚਾਰ ਮੰਤਰਾਲਾ, ਨਾਰਕੋਟਿਕਸ ਕੰਟਰੋਲ ਬਿਊਰੋ ਸਮੇਤ ਮੁੱਖ ਸਰਕਾਰੀ ਸੰਸਥਾਵਾਂ ਸਰਗਰਮੀ ਨਾਲ ਹਿੱਸਾ ਲੈਣਗੀਆਂ। ਇਹ ਵਿਲੱਖਣ ਪਲੇਟਫਾਰਮ ਨੌਜਵਾਨਾਂ ਨੂੰ ਨੀਤੀ ਨਿਰਮਾਤਾਵਾਂ ਨਾਲ ਸਿੱਧੇ ਤੌਰ ’ਤੇ ਆਪਣੀਆਂ ਆਵਾਜ਼ਾਂ, ਦ੍ਰਿਸ਼ਟੀਕੋਣਾਂ ਅਤੇ ਹੱਲ ਸਾਂਝੇ ਕਰਨ ਦੇ ਯੋਗ ਬਣਾਏਗਾ, ਇੱਕ ਰਾਸ਼ਟਰੀ ਰਣਨੀਤੀ ਵਿੱਚ ਅਰਥਪੂਰਨ ਯੋਗਦਾਨ ਪਾਵੇਗਾ। ਇਸ ਸੰਮੇਲਨ ਵਿੱਚ ਨਸ਼ੇ ਦੀ ਪ੍ਰਕਿਰਤੀ ਅਤੇ ਸਹੀ ਦਿਸ਼ਾ, ਇਸਦੇ ਜਨਸੰਖਿਆ ਪ੍ਰਭਾਵ, ਅੰਤਰਰਾਸ਼ਟਰੀ ਪਹਿਲੂਆਂ ਅਤੇ ਸਰਕਾਰ, ਸਿਵਲ ਸਮਾਜ ਅਤੇ ਨੌਜਵਾਨ ਵਲੰਟੀਅਰਾਂ ਦੀਆਂ ਭੂਮਿਕਾਵਾਂ ’ਤੇ ਸੈਸ਼ਨ ਹੋਣਗੇ। ਨਸ਼ੇ ’ਤੇ ਸਫਲਤਾਪੂਰਵਕ ਕਾਬੂ ਪਾਉਣ ਵਾਲੇ ਨੌਜਵਾਨ ਵਿਅਕਤੀਆਂ ਦੀਆਂ ਨਿੱਜੀ ਕਹਾਣੀਆਂ ਨੂੰ ਵੀ ਦੂਜਿਆਂ ਨੂੰ ਪ੍ਰੇਰਿਤ ਕਰਨ ਲਈ ਸਾਂਝਿਆ ਕੀਤਾ ਜਾਵੇਗਾ। ਇਹ ਸੰਮੇਲਨ ਕਾਸ਼ੀ ਐਲਾਨਨਾਮੇ ਦੇ ਜਾਰੀ ਹੋਣ ਨਾਲ ਸਮਾਪਤ ਹੋਵੇਗਾ, ਜੋ ਨਸ਼ਾ ਮੁਕਤ ਭਾਰਤ ਮੁਹਿੰਮ ਲਈ ਪੰਜ ਸਾਲਾਂ ਦੇ ਰੋਡਮੈਪ ਵਜੋਂ ਕੰਮ ਕਰੇਗਾ। ਇਹ ਐਲਾਨ ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਿੱਚ ਪੈਣ ਤੋਂ ਰੋਕਣ, ਪਹਿਲਾਂ ਤੋਂ ਪ੍ਰਭਾਵਿਤ ਲੋਕਾਂ ਲਈ ਸਹਾਇਤਾ ਵਿਧੀ ਪ੍ਰਦਾਨ ਕਰਨ ਅਤੇ ਨਸ਼ਾ ਵਿਰੁੱਧ ਇੱਕ ਮਜ਼ਬੂਤ, ਵਧੇਰੇ ਲਚਕੀਲਾ ਅੰਦੋਲਨ ਬਣਾਉਣ ਲਈ ਦੇਸ਼ ਭਰ ਵਿੱਚ ਜਾਗਰੂਕਤਾ ਮੁਹਿੰਮਾਂ ਨੂੰ ਤੇਜ਼ ਕਰਨ ਲਈ ਰਣਨੀਤੀਆਂ ਦੀ ਰੂਪਰੇਖਾ ਤਿਆਰ ਕਰੇਗਾ। ਪ੍ਰਧਾਨ ਮੰਤਰੀ ਮੋਦੀ ਨੇ ਹਮੇਸ਼ਾ ਇੱਕ ਅਜਿਹੇ ਭਾਰਤ ਦੀ ਕਲਪਨਾ ਕੀਤੀ ਹੈ ਜੋ ਅੰਮ੍ਰਿਤ ਪੀੜੀ ਦੇ ਸੁਪਨਿਆਂ ਅਤੇ ਇੱਛਾਵਾਂ ਨੂੰ ਦਰਸਾਉਂਦਾ ਹੈ। ਇਸ ਦ੍ਰਿਸ਼ਟੀਕੋਣ ਦੇ ਅਨੁਸਾਰ, ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੀ ਇਹ ਪਹਿਲਕਦਮੀ ਨਾ ਸਿਰਫ਼ ਨੌਜਵਾਨਾਂ ਨੂੰ ਨਸ਼ੇ ਤੋਂ ਬਚਾਉਣ, ਸਗੋਂ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਯਾਤਰਾ ਦੀ ਅਗਵਾਈ ਕਰਨ ਲਈ ਸਸ਼ਕਤ ਬਣਾਉਣ ਵੱਲ ਇੱਕ ਸ਼ਕਤੀਸ਼ਾਲੀ ਕਦਮ ਹੈ। ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਵਿੱਚ ਬਦਲਣ ਦੀ ਜ਼ਿੰਮੇਵਾਰੀ ਇਸਦੇ ਨੌਜਵਾਨਾਂ ’ਤੇ ਹੈ। ਯੁਵਾ ਅਧਿਆਤਮਿਕ ਸੰਮੇਲਨ ਸਿਰਫ਼ ਇੱਕ ਸਮਾਗਮ ਨਹੀਂ ਹੈ - ਇਹ ਇੱਕ ਨਵੀਂ ਰਾਸ਼ਟਰੀ ਜਾਗ੍ਰਿਤੀ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। ਇਹ ਨੌਜਵਾਨ ਨਾਗਰਿਕਾਂ ਵਿੱਚ ਅਨੁਸ਼ਾਸਨ, ਨੈਤਿਕ ਇਮਾਨਦਾਰੀ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਜਗਾਏਗਾ, ਉਨ੍ਹਾਂ ਦੇ ਜੀਵਨ ਨੂੰ ਅਮੀਰ ਬਣਾਏਗਾ ਅਤੇ ਦੇਸ਼ ਦੇ ਭਵਿੱਖ ਨੂੰ ਮਜ਼ਬੂਤ ਕਰੇਗਾ। ਕਾਸ਼ੀ ਦੀ ਪਵਿੱਤਰ ਮਿੱਟੀ ਤੋਂ ਇੱਕ ਅਜਿਹਾ ਸੱਦਾ ਉੱਠੇਗਾ ਜੋ ਹਰ ਨੌਜਵਾਨ ਹਿਰਦੇ ਵਿੱਚ ਜਾਗਰੂਕਤਾ, ਦੇਸ਼ ਭਗਤੀ ਅਤੇ ਉਦੇਸ਼ ਦੀ ਮਿਸ਼ਾਲ ਜਗਾਏਗਾ। ਇਹ ਸਮੂਹਿਕ ਸੰਕਲਪ 2047 ਤੱਕ ਇੱਕ ਮਜ਼ਬੂਤ, ਸਵੈ-ਨਿਰਭਰ ਅਤੇ ਵਿਕਾਸ ਭਾਰਤ ਦੇ ਅਧਾਰ ਵਜੋਂ ਕੰਮ ਕਰੇਗਾ।

# ਧਰਤੀ ’ਤੇ ਸਵਰਗੀ ਅਵਸਥਾ ਦਾ ਨਾਮ ਪਿਆਰ ਹੈ

ਪਿਆਰ ਦੇ ਉਤਰਨ ਨਾਲ ਹੀ ਦਿਲ ਦੀਆਂ ਅੱਖਾਂ ਖੁੱਲ੍ਹਦੀਆਂ ਹਨ। ਦੋ ਦਿਲਾਂ ਵਿਚਕਾਰ ਭਾਵਨਾਵਾਂ ਅਤੇ ਭਾਵਨਾਵਾਂ ਦਾ ਆਦਾਨ-ਪ੍ਰਦਾਨ ਪਿਆਰ ਤੋਂ ਬਿਨਾਂ ਸੰਭਵ ਨਹੀਂ ਹੈ, ਪਰ ਉਹ ਪਿਆਰ ਜੋ ਇੱਜ਼ਤ ਨੂੰ ਤਬਾਹ ਕਰਦਾ ਹੈ, ਆਤਮਾ ਤੋਂ ਅਪਮਾਨ ਦਾ ਜਾਲ ਹੈ। ਸਮਾਜ ਵਿੱਚ ਪੱਥਰ ਵਾਂਗ ਠੋਸ ਕਿਸੇ ਸਵਰਗੀ ਚੀਜ਼ ਤੋਂ ਬਿਨਾਂ ਦਰਾੜ ਪੈਦਾ ਕਰਨਾ ਸੰਭਵ ਨਹੀਂ ਹੈ। ਜੇਕਰ ਇਸ ਧਰਤੀ ’ਤੇ ਕੁਝ ਸਵਰਗੀ ਹੈ, ਤਾਂ ਉਹ ਪਿਆਰ ਹੈ। ਸਵਰਗੀ ਪਿਆਰ ਸਿਰਫ਼ ਉਨ੍ਹਾਂ ਦਿਲਾਂ ’ਤੇ ਉਤਰਦਾ ਹੈ ਜਿਨ੍ਹਾਂ ਨੂੰ ਸਵਰਗ ਵਿੱਚ ਰਹਿਣ ਵਾਲੇ ਦੁਆਰਾ ਪਿਆਰ ਕੀਤਾ ਜਾਂਦਾ ਹੈ, ਜੋ ਪਿਆਰ ਦੀ ਵੰਡ ਨਾਲ ਇੰਨੇ ਨਸ਼ੇੜੀ ਹੋ ਜਾਂਦੇ ਹਨ ਕਿ ਉਹ ਧਰਤੀ ਨੂੰ ਅਸਮਾਨ ਨਾਲੋਂ ਵੱਧ ਪਿਆਰ ਕਰਨ ਲੱਗ ਪੈਂਦੇ ਹਨ। ਆਪਣੇ ਪਿਆਰ ਦੀ ਤੀਬਰਤਾ ਅਤੇ ਪਵਿੱਤਰਤਾ ਨੂੰ ਦੇਖ ਕੇ, ਸਵਰਗ ਦੇ ਲੋਕ ਵੀ ਆਪਣੇ ਪਿਆਰ ਨਾਲ ਪਿਆਰ ਵਿੱਚ ਪੈ ਜਾਂਦੇ ਹਨ।

ਜੋ ਲੋਕ ਦੁਨਿਆਵੀ ਇੱਛਾਵਾਂ ਦੇ ਗਧੇ ’ਤੇ ਸਵਾਰ ਹੋ ਕੇ ਜੀਵਨ ਦੀ ਦੂਰੀ ਤੈਅ ਕਰਦੇ ਹਨ ਅਤੇ ਮੌਤ ਦੀ ਮੰਜ਼ਿਲ ’ਤੇ ਪਹੁੰਚਦੇ ਹਨ, ਉਹ ਸਵਰਗੀ ਪਿਆਰ ਦੀ ਕਮਾਈ ਤੋਂ ਵਾਂਝੇ ਰਹਿ ਜਾਂਦੇ ਹਨ। ਪਿਆਰ ਪ੍ਰਭਾਵਸ਼ਾਲੀ ਹੁੰਦਾ ਹੈ ਭਾਵੇਂ ਇਹ ਇੱਕ ਵਿਅਕਤੀ ਤੱਕ ਸੀਮਤ ਹੋਵੇ। ਇਹ ਉਸ ਨੂੰ ਸਰਾਪ ਨਹੀਂ ਦਿੰਦਾ ਜੋ ਇਸਨੂੰ ਛੱਡ ਦਿੰਦਾ ਹੈ। ਪਰ ਸਰਾਪ ਸਿਰਫ਼ ਉੱਚੇ ਹੱਥਾਂ ਨਾਲ ਕਹੇ ਗਏ ਸ਼ਬਦਾਂ ਦਾ ਸੰਗ੍ਰਹਿ ਨਹੀਂ ਹੈ ਜੋ ਦਿੱਤੇ ਜਾਣ ’ਤੇ ਲਾਗੂ ਕੀਤੇ ਜਾਣਗੇ। ਅਮੀਰ ਲੋਕ ਜਾਣਦੇ ਹਨ ਕਿ ਪਿਆਰ ਦੇ ਬੇਵਫ਼ਾ ਲੋਕਾਂ ਦੁਆਰਾ ਦਿੱਤੇ ਗਏ ਬੇਚੈਨੀ, ਦੁੱਖ, ਦਰਦ ਵਿੱਚ ਕੈਦ ਆਤਮਾ ਅਤੇ ਸਬਰ ਵਿੱਚ ਕੈਦ ਸਰੀਰ ਵੀ ਸਰਾਪ ਹਨ ਜੋ



ਆਪਣੇ ਆਪ ਲਾਗੂ ਹੋ ਜਾਣਗੇ।

ਜੋ ਲੋਕ ਗੰਭੀਰ ਅਤੇ ਇਮਾਨਦਾਰ ਲੋਕਾਂ ਦੀਆਂ ਭਾਵਨਾਵਾਂ ਦਾ ਮਜ਼ਾਕ ਉਡਾਉਂਦੇ ਹਨ, ਉਨ੍ਹਾਂ ਦੇ ਪਿਆਰ ਅਤੇ ਸ਼ਰਧਾ ਦਾ ਮਜ਼ਾਕ ਉਡਾਉਂਦੇ ਹਨ। ਉਹ ਬੇਵੱਸੀ ਦੀ ਬਿਮਾਰੀ ਵਿੱਚ ਇਕੱਲਤਾ ਦੇ ਬਿਸਤਰੇ ’ਤੇ ਬੰਨ੍ਹੇ ਹੋਏ ਹਨ, ਫਿਰ ਉਹ ਹੰਝੂਆਂ ਨਾਲ ਗੱਲਾਂ ਕਰਨ ਲੱਗ ਪੈਂਦੇ ਹਨ। ਉਹ ਆਪਣੀ ਅਕ੍ਰਿਤਘਣਤਾ ਲਈ ਮੁਆਫ਼ੀ ਮੰਗਦੇ ਹਨ। ਜਿੱਥੇ ਪਿਆਰ ਆਪਣੇ ਅਪਰਾਧੀਆਂ ਨੂੰ ਜਵਾਬਦੇਹ ਠਹਿਰਾਉਂਦਾ ਹੈ, ਉੱਥੇ ਇਹ ਆਪਣੇ ਇਮਾਨਦਾਰ ਲੋਕਾਂ ਨੂੰ ਅਸੀਸਾਂ ਵੀ ਦਿੰਦਾ ਹੈ। ਪਿਆਰ ਦੀ ਚੋਣ ਗਲਤ ਹੋ ਸਕਦੀ ਹੈ, ਪਰ ਪਿਆਰ ਆਪਣੇ ਆਪ ਵਿੱਚ ਕਦੇ ਗਲਤ ਨਹੀਂ ਹੁੰਦਾ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਲੇਖਕ:
ਜ਼ਫ਼ਰ ਇਕਬਾਲ ਜ਼ਫ਼ਰ

ਅਣਜਾਣ ਲੋਕਾਂ ਕਾਰਨ ਪਿਆਰ ਬਾਰੇ ਮਾੜੀ ਰਾਏ ਨਹੀਂ ਬਣਾਉਣੀ ਚਾਹੀਦੀ। ਜਿਵੇਂ ਜਦੋਂ ਕਿਸੇ ਧਾਰਮਿਕ ਸਥਾਨ ਦੇ ਸੇਵਕ ਆਪਣੀ ਅਗਿਆਨਤਾ ਕਾਰਨ ਧਾਰਮਿਕ ਸਥਾਨ ਨਾਲ ਪਿਆਰ ਕਰਨ ਵਾਲੇ ਸ਼ਰਧਾਲੂ ਨੂੰ ਝਿੜਕਦੇ ਹਨ, ਤਾਂ ਪਿਆਰ ਅਤੇ ਪਿਆਰ ਦੇ ਮਾਲਕ ਦਾ ਕੋਈ ਕਸੂਰ ਨਹੀਂ ਹੁੰਦਾ। ਜੋ ਲੋਕ ਨਫ਼ਰਤ ਨਾਲ ਛੁਰਾ ਮਾਰਨ ਤੋਂ ਬਾਅਦ ਵੀ ਪਿਆਰ ਦੇ ਲੰਗਰ ਨੂੰ ਸਾਂਝਾ ਕਰਨਾ ਬੰਦ ਨਹੀਂ ਕਰਦੇ, ਉਹ ਸਮੁੰਦਰ ਤੋਂ ਵੀ ਡੂੰਘੇ ਪਿਆਰ ਦੇ ਹੱਕਦਾਰ ਹਨ। ਪਿਆਰ ਧੋਖਾ ਨਹੀਂ ਦਿੰਦਾ ਅਤੇ ਕਦੇ ਨਹੀਂ ਬਦਲਦਾ। ਲੋਕ ਬਦਲਦੇ ਹਨ। ਜਿੱਥੇ ਬਹੁਗਿਣਤੀ ਭਰੋਸੇਯੋਗ ਨਹੀਂ ਹੁੰਦੀ, ਉੱਥੇ ਪਿਆਰ ਦੇ ਕੁਝ ਰਾਜਦੂਤ ਹੁੰਦੇ ਹਨ ਜਿਨ੍ਹਾਂ ਦੇ ਮਹਾਨ ਕਿਰਦਾਰ ਹੁੰਦੇ ਹਨ, ਜਿਨ੍ਹਾਂ ’ਤੇ ਕੁਦਰਤ ਦੇ ਵਿਚਾਰ ਮਾਣ ਕਰਦੇ ਹਨ। ਇਨ੍ਹਾਂ ਸੁੰਦਰ ਲੋਕਾਂ ਨੂੰ ਅੰਦਰੋਂ ਪ੍ਰਗਟ ਕਰਨ ਲਈ, ਕੁਦਰਤ ਸੁੰਦਰ ਬਾਹਰੀ ਦ੍ਰਿਸ਼ ਬਣਾ ਕੇ ਆਪਣੀ ਪ੍ਰਸ਼ੰਸਾ ਦਾ ਕਾਰਨ ਬਣਾਉਂਦੀ ਹੈ। ਜਿਸ ਤਰ੍ਹਾਂ ਸਰੀਰ ਦੇ ਸਿਧਾਂਤ ਆਤਮਾ ’ਤੇ ਲਾਗੂ ਨਹੀਂ ਹੁੰਦੇ, ਉਸੇ ਤਰ੍ਹਾਂ ਨਫ਼ਰਤ ਪਿਆਰ ਦੀ ਹੋਂਦ ਨੂੰ ਪ੍ਰਭਾਵਤ ਨਹੀਂ ਕਰਦੀ। ਕੁਦਰਤ ਸਭ ਤੋਂ ਕੀਮਤੀ ਚੀਜ਼ ਹੈ ਕਿਉਂਕਿ ਇਹ ਹਰ ਚੀਜ਼ ਨਾਲੋਂ ਮਹਿੰਗੀ ਹੈ ਅਤੇ ਆਜ਼ਾਦ ਰਹਿੰਦੀ ਹੈ। ਇਸ ਸੁਭਾਅ ਦੇ ਲੋਕ ਬਹੁਤ ਘੱਟ ਹੁੰਦੇ ਹਨ, ਜਿਨ੍ਹਾਂ ਦਾ ਪਿਆਰ ਲੱਭਣਾ ਮੁਸ਼ਕਲ ਹੁੰਦਾ ਹੈ, ਅਤੇ ਜਿਨ੍ਹਾਂ ਦਾ ਪਿਆਰ ਇੱਕ ਬੋਝ ਹੁੰਦਾ ਹੈ। ਉਹ ਲੋਕ ਜੋ ਸ਼ਾਂਤ, ਖੁਸ਼ ਅਤੇ ਭਾਵਨਾਵਾਂ ਨਾਲ ਭਰਪੂਰ ਹੁੰਦੇ ਹਨ। ਜੋ ਲੋਕ ਦੁਨੀਆਂ ਤੋਂ ਝੂਠੇ ਪਿਆਰ ਦੁਆਰਾ ਲਗਾਏ ਗਏ ਜ਼ਖ਼ਮਾਂ ’ਤੇ ਸਵਰਗੀ ਪਿਆਰ ਦਾ ਮਲਮ ਲਗਾਉਂਦੇ ਹਨ, ਫਿਰ ਇਲਾਜ ਸਾਰੀ ਹੋਂਦ ਨੂੰ ਆਪਣੇ ਕਬਜ਼ੇ ਵਿੱਚ ਲੈ ਲੈਂਦਾ ਹੈ। ਜੇਕਰ ਕੋਈ ਵਿਅਕਤੀ ਸਵਰਗੀ ਪਿਆਰ ਵਿੱਚ ਫਸਿਆ ਨਹੀਂ ਹੈ, ਤਾਂ ਜੀਵਨ ਭਰ ਦੀਆਂ ਯਾਤਰਾਵਾਂ ਦੇ ਬਾਵਜੂਦ, ਉਹ ਪਰਮਾਤਮਾ ਨੂੰ ਆਪਣੀ ਗਲੇ ਦੀ ਨਾੜੀ ਦੇ ਨੇੜੇ ਨਹੀਂ ਲੱਭ ਸਕਦਾ। ਪਿਆਰ ਵਿੱਚ ਸ਼ਕਤੀ ਹੈ ਕਿ ਉਹ ਤੁਹਾਨੂੰ ਖੁੱਲ੍ਹੀਆਂ ਅੱਖਾਂ ਨਾਲ ਆਪਣੇ ਅੰਦਰ ਪਰਮਾਤਮਾ ਨੂੰ ਮਿਲਣ ਦਾ ਚਮਤਕਾਰ ਦਿਖਾਵੇ।

# ਪੰਜਾਬੀ ਸਾਹਿਤ ਦਾ ਇੱਕ ਅਹਿਮ ਸ਼ਾਹਕਾਰ, ਨਜ਼ਾਬਤ ਦੀ ਵਾਰ (ਨਾਦਰ ਸ਼ਾਹ ਦੀ ਵਾਰ)

ਔਰੰਗਜ਼ੇਬ ਦੀ ਮੌਤ (1707 ਈਸਵੀ) ਤੋਂ ਬਾਅਦ ਮੁਗਲ ਰਾਜ ਢਹਿੰਦੀਆਂ ਕਲਾਂ ਵੱਲ ਜਾਣ ਲੱਗ ਪਿਆ ਸੀ। ਦਰਬਾਰੀ ਸਾਜ਼ਿਸ਼ਾਂ ਕਾਰਨ ਬਾਦਸ਼ਾਹਾਂ ਦੇ ਲਗਾਤਾਰ ਕਤਲ ਕੀਤੇ ਜਾ ਰਹੇ ਸਨ। ਸੰਨ 1719 ਈਸਵੀ ਵਿੱਚ ਮੁਹੰਮਦ ਸ਼ਾਹ ਗੱਦੀ 'ਤੇ ਬੈਠਾ ਤੇ ਉਸ ਨੇ ਸੰਨ 1748 ਈਸਵੀ ਤੱਕ ਰਾਜ ਕੀਤਾ, ਪਰ ਨਾਚ ਗਾਣੇ ਅਤੇ ਸ਼ਰਾਬ ਸ਼ਬਾਬ ਦਾ ਸ਼ੌਕੀਨ ਹੋਣ ਕਾਰਨ ਉਸ ਦਾ ਤਖ਼ੱਲਸ ਰੰਗੀਲਾ ਪੈ ਗਿਆ। ਇਰਾਨ ਦਾ ਬਾਦਸ਼ਾਹ ਨਾਦਰ ਸ਼ਾਹ 1736 ਈਸਵੀ ਵਿੱਚ ਗੱਦੀ 'ਤੇ ਬੈਠਾ ਸੀ ਤੇ ਉਸ ਵੇਲੇ ਦਾ ਏਸ਼ੀਆ ਦਾ ਸਭ ਤੋਂ ਕਾਮਯਾਬ ਜਰਨੈਲ ਸੀ ਇਲਾਕੇ ਦੇ ਵਿਸਤਾਰ ਨੂੰ ਲੈ ਕੇ ਉਸ ਦਾਤੁਰਕੀ ਅਤੇ ਰੂਸ ਨਾਲ ਘਮਸਾਨ ਚੱਲ ਰਿਹਾ ਸੀ ਜਿਸ ਲਈ ਉਸ ਨੂੰ ਪੈਸੇ ਦੀ ਸਖ਼ਤ ਜ਼ਰੂਰਤ ਸੀ। ਜਦੋਂ ਉਸ ਨੂੰ ਮੁਗਲ ਰਾਜ ਦੀ ਕਮਜ਼ੋਰੀ ਬਾਰੇ ਪਤਾ ਚੱਲਿਆ ਤਾਂ ਉਸ ਨੇ ਆਪਣੇ ਖਜ਼ਾਨੇ ਭਰਨ ਲਈ ਉਸ ਨੇ ਭਾਰਤ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ।ਅਕਤੂਬਰ 1738 ਵਿੱਚ ਨਾਦਰ ਸ਼ਾਹ ਨੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ 8 ਜਨਵਰੀ 1739 ਨੂੰ ਉਹ ਲਾਹੌਰ ਪਹੁੰਚ ਗਿਆ। 11 ਜਨਵਰੀ ਨੂੰ ਥੋੜ੍ਹੀ ਜਿਹੀ ਮੁੱਠਭੇੜ ਤੋਂ ਬਾਅਦ ਜ਼ਕਰੀਆ ਖਾਨ ਨੇ ਨਾਦਰ ਸ਼ਾਹ ਦੀ ਈਨ ਮੰਨ ਲਈ ਤਾਂ ਉਸ ਨੂੰ ਦੁਬਾਰਾ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ ਗਿਆ।

26 ਜਨਵਰੀ ਨੂੰ ਨਾਦਰ ਸ਼ਾਹ ਲਾਹੌਰ ਤੋਂ ਚੱਲਿਆ ਤੇ 15 ਫਰਵਰੀ ਨੂੰ ਉਸ ਨੇ ਕਰਨਾਲ ਜਾ ਡੇਰੇ ਲਾਏ। 24 ਫਰਵਰੀ 1739 ਨੂੰ ਸਵੇਰੇ ਕਰਨਾਲ ਦੀ ਜੰਗ ਸ਼ੁਰੂ ਹੋਈ ਤੇ ਸਿਰਫ ਤਿੰਨ ਘੰਟੇ ਦੇ ਅੰਦਰ ਹੀ ਨਾਦਰ ਸ਼ਾਹ ਨੇ ਮੁਗਲ ਫੌਜ ਤਬਾਹ ਕਰ ਦਿੱਤੀ। ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਇੱਕ ਤਰਾਂ ਨਾਲ ਬੰਦੀ ਬਣਾ ਲਿਆ ਗਿਆ ਜ਼ੇਤੂ ਇਰਾਨੀ ਫੌਜ ਨੇ ਲੁੱਟ ਮਾਰ ਤੇ ਕਤਲੇਆਮ ਸ਼ੁਰੂ ਕਰ ਦਿੱਤਾਜਿਸ ਦੌਰਾਨ 50000 ਦੇ ਕਰੀਬ ਮਰਦ, ਔਰਤਾਂ ਤੇ ਬੱਚੇ ਕਤਲ ਕਰ ਦਿੱਤੇ ਗਏ ਤੇ ਅਰਬਾਂ ਰੁਪਏ ਦੀ ਲੁੱਟ ਕੀਤੀ ਗਈ। ਨਾਦਰ ਸ਼ਾਹ ਦੇ ਹੱਥ ਤਖਤੇ ਤਾਊਸ, ਕੋਹਿਨੂਰ ਅਤੇ ਦਰਿਆਏ ਨੂਰ ਹੀਰੇ ਸਮੇਤ ਮੁਗਲਾਂ ਦੀਆਂ ਨੌਂ ਪੀੜ੍ਹੀਆਂ ਦਾ ਜੋੜਿਆ ਅਜੋਕੀ ਕੀਮਤ ਅਨੁਸਾਰ ਕਰੀਬ 125 ਅਰਬ ਰੁ. ਦਾ ਖਜ਼ਾਨਾ ਆਇਆ। ਇਸ ਲੁੱਟ ਨੇ ਇਰਾਨ ਨੂੰ ਐਨਾ ਅਮੀਰ ਕਰ ਦਿੱਤਾ ਕਿ ਨਾਦਰ ਸ਼ਾਹ ਨੇ ਪਰਜਾ ਦੇ ਹਰ ਪ੍ਰਕਾਰ ਦੇ ਟੈਕਸ ਅਗਲੇ ਤਿੰਨ ਸਾਲ ਲਈ ਮਾਫ ਕਰ ਦਿੱਤੇ।

ਨਾਦਰ ਸ਼ਾਹ ਦੇ ਇਸ ਹਮਲੇਬਾਰੇ ਕਿੱਸਾਕਾਰਨਜ਼ਾਬਤਨੇ ਬਹੁਤ ਹੀ ਵਿਸਥਾਰ ਨਾਲ ਇਹ ਵਾਰ ਲਿਖੀ ਹੈ। ਨਜ਼ਾਬਤ ਦੀ ਵਾਰ ਲਿਖਤੀ ਰੂਪ ਵਿੱਚ ਨਹੀਂ ਸੀ ਮਿਲਦੀ। ਸੰਨ 1898 ਈਸਵੀ ਵਿੱਚ ਇੱਕ ਅੰਗਰੇਜ਼ ਅਫਸਰ ਸਰ ਐਡਵਰਡ ਮੈਕਲੇਗਾਨ ਨੇ ਬਾਰ ਦੇ ਇਲਾਕੇ ਵਿੱਚ ਇੱਕ ਮਰਾਸੀ ਦੇ ਮੂੰਹੋਂ ਇਸ ਨੂੰ ਸੁਣਿਆ। ਉਸ ਨੂੰ ਇਹ ਜੋਸ਼ੀਲੀ ਵਾਰ ਐਨੀ ਚੰਗੀ ਲੱਗੀ ਕਿ ਉਸ ਨੇ ਆਪਣੇ ਮੁੰਸ਼ੀ ਪੰਡਿਤ ਹਰੀ ਕ੍ਰਿਸ਼ਨ ਨੂੰ ਇਸ ਨੂੰ ਲਿਖਣ ਲਈ ਹੁਕਮ ਦਿੱਤਾ। ਪੰਡਿਤ ਜੀ ਨੇ ਇਲਾਕੇ ਵਿੱਚ ਘੁੰਮ ਕੇ ਜਿੰਨੀ ਕੁ ਵਾਰ ਮਿਲੀ, ਉਸ ਨੂੰ ਲਿਖਤੀ ਰੂਪ ਦਿੱਤਾ। ਵਾਰ ਦੇ ਲਿਖਾਰੀ ਨੇ ਦੋ ਤੁਕਾਂ (564 ਅਤੇ 849) ਵਿੱਚ ਆਪਣਾ ਨਾਮ ਨਜ਼ਾਬਤ ਲਿਖਿਆ ਹੈ।ਇਸ ਵਾਰ ਦੇ 38 ਕਾਂਡ, 86 ਪੌੜੀਆਂ ਅਤੇ 854 ਸਤਰਾਂ ਹਨ। ਨਜ਼ਾਬਤ ਦੇ ਜਨਮ ਤੇ ਮੌਤ ਦੀਆਂ ਤਾਰੀਖਾਂ ਬਾਰੇ ਪਤਾ ਨਹੀਂ ਲੱਗਦਾ ਪਰ ਉਹ ਪਿੰਡ ਮਟੀਲਾਂ ਹਰਲਾਂ ਜ਼ਿਲ੍ਹਾ ਸ਼ਾਹਪੁਰ ਦਾ ਹਰਲ ਰਾਜਪੂਤ ਮੁਸਲਮਾਨ ਸੀ। ਉਸ ਦੇ ਸਟੀਕ ਵਰਨਣ ਤੋਂ ਇਸ ਤਰਾਂ ਲੱਗਦਾ ਹੈ ਜਿਵੇਂ ਉਹ ਕਾਬਲ ਤੋਂ ਹੀ ਨਾਦਰ ਸ਼ਾਹ ਦੀ ਫੌਜ ਦੇ ਹਮਰਾਹ ਦਿੱਲੀ ਤੱਕ ਪਹੁੰਚਿਆ ਹੋਵੇ। ਉਸ ਨੇ ਨਾਦਰ ਸ਼ਾਹ ਅਤੇ ਮੁਹੰਮਦ ਸ਼ਾਹ ਰੰਗੀਲੇ ਦੇ ਜਰਨੈਲਾਂ ਦੇ ਨਾਮ (ਨਿਜ਼ਾਮੁਲ ਮੁਲਕ, ਖਾਨ ਦੌਰਾ, ਸੱਯਦ ਭਰਾ, ਮਲਕਾ ਜ਼ਮਾਨੀ, ਨਾਸਰ ਖਾਨ, ਬਾਕੀ ਖਾਨ, ਸ਼ਾਹਬਾਜ਼ ਖਾਨ, ਕਲੰਦਰ ਬੇਗ, ਜ਼ਕਰੀਆ ਖਾਨ, ਅਜ਼ੀਜ ਖਾਨ, ਮੁਜ਼ੱਫਰ ਸ਼ਾਹ ਅਤੇ ਕਮਰੁਦੀਨ) ਤੇ ਉਨ੍ਹਾਂ ਵੱਲੋਂ ਦਿਖਾਈ ਗਈ ਬਹਾਦਰੀ ਦਾ ਬਿਲਕੁਲ ਸਟੀਕ ਵਰਨਣ ਕੀਤਾ ਹੈ। ਉਹ ਨਾਦਰ ਸ਼ਾਹ ਨੂੰ ਨਾਜ਼ਰ ਸ਼ਾਹ ਲਿਖਦਾ ਹੈ ਤੇ ਇਥੋਂ ਤੱਕ ਕਿ ਉਸ ਵੱਲੋਂ ਵੱਲੋਂ ਭਰਤੀ ਕੀਤੀ ਗਈ ਫੌਜ ਕਿਸ ਕਿਸ ਨਸਲ ਦੀ ਸੀ, ਇਹ ਬਾਰੇ ਵੀ ਸਟੀਕ ਵਰਨਣ ਕਰਦਾ ਹੈ,

ਚੜ੍ਹੇ ਇਸਫਹਾਨ ਥੀਂ ਨਾਜ਼ਰ ਸ਼ਾਹ ਭੇਰੀਂ ਘੜੁੱਕੇ,
ਚੁਣ ਚੁਣ ਕੱਢੇ ਪਹਿਲਵਾਨ ਬਹਾਦਰ ਢੱਕੇ

ਨਿਊਜ਼ਪੇਪਰ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

ਨਸਰਾਨੀ, ਮਜ਼ੂਫੀਏ, ਯਾਹੂਦ ਉਚੱਕੇ, ਬੱਦੂ,
ਗੁਰਜ਼ੀ ਉਹ ਮੁਲਹਿਦ ਪੱਕੇ
ਮਰਵਾਨੀ ਤੇ ਕਤਲਬਾਜ਼,ਮੁਗਲ ਉਜ਼ਬੱਕੇ, ਨੱਕ
ਫੀਨੇ ?ਹ ਸਿਰ ਤਾਉੜੇ, ਚਿੱੜ ਵਾਂਗ ਢਕੱਕੇ
ਉਹ ਇੱਕੋ ਨਾਰ ਵਸਾਉਂਦੇ, ਦਸ ਭਾਈ ਸੱਕੇ।
ਡੇਰੇ ਕੋਲ ਕੰਧਾਰ ਦੇ ਆ ਊਧਮ ਲੱਥੇ, ਤਿਸ
ਦਿਹਾੜੇ ਹਿੰਦ ਕੰਬਿਆ, ਖਬਰਾਂ ਪਹੁੰਚੀਆਂ ਮੱਕੇ

ਜਦੋਂ ਨਾਦਰ ਸ਼ਾਹ ਨਾਲ ਬਿਨਾਂ ਕੋਈ ਖਾਸ ਯੁੱਧ ਕੀਤੇ ਖਾਨ ਬਹਾਦਰ ਜ਼ਕਰੀਆ ਖਾਨ ਨੇ ਈਨ ਮੰਨ ਲਈ ਤਾਂ ਨਜ਼ਾਬਤ ਉਸ ਦਾ ਮਜ਼ਾਕ ਉਡਾਉਂਦਾ ਹੋਇਆ ਲਿਖਦਾ ਹੈ ਕਿ ਖਾਨ ਬਹਾਦਰ ਨਾਦਰ ਸ਼ਾਹ ਅੱਗੇ ਇੰਜ ਲਿਫ ਗਿਆਜਿਵੇਂ ਉਹ ਖੁਸਰਾ ਹੋਵੇ,

ਨਵਾਬ ਖਾਨ ਬਹਾਦਰ ਮੋਰਚੇ, ਕੱਢ ਅੱਗੋਂ ਲਾਏ
ਪਰ ਚੜਿਆ ਲਸ਼ਕਰ ਵੇਖ ਕੇ, ਉੱਡ ਹੈਰਤ ਜਾਏ
ਜਿਉਂ ਖੁਸਰੇ ਬੱਧੀ ਪਗੜੀ, ਕੀ ਮਰਦ ਕਹਾਏ
ਜਿਉਂ ਕਸਾਈ ਬਕਰਾ ਪਕੜਿਆ, ਨਾ ਦੁੰਮ ਹਿਲਾਏ
ਜਿਉਂ ਕੰਜਰੀ ਆਸ਼ਕ ਮਰਦ ਨੂੰ,ਕਰ ਨਾਜ਼ ਵਲਾਏ
ਉਹ ਦੇਇ ਖਜ਼ਾਨੇ ਵੱਢੀਆਂ, ਛਹਿ ਜਾਨ ਬਚਾਏ
ਖਾਨ ਬਹਾਦਰ ਛੋੜ ਬਹਾਦਰੀ, ਲੱਗ ਕਦਮੀਂ ਜਾਏ।

ਕਰਨਾਲ ਦੀ ਜੰਗ ਦਾ ਉਹ ਜਿਸ ਵੀਰ ਰਸ ਨਾਲ ਵਰਨਣ ਕਰਦਾ ਹੈ, ਉਹ ਸ਼ਾਹ ਮੁਹੰਮਦ ਦੇ ਜੰਗਨਾਮਾ ਦੀ ਟੱਕਰ ਦਾ ਹੈ। ਜਦੋਂ ਮੁਗਲ ਬਾਦਸ਼ਾਹ ਆਪਣੇ ਸੈਨਿਕਾਂ ਨੂੰ ਵੰਗਾਰਦਾ ਹੈ ਤਾਂ ਉਹ ਅੱਗੋਂ ਜਵਾਬ ਦਿੰਦੇ ਹਨ,

ਬੱਧੇ ਹੱਥ ਸਿਪਾਹੀਆਂ, ਬੰਨ੍ਹ ਅਰਜ਼ਾਂ ਕਰੀਆਂ
ਨਿਮਕ ਹਲਾਲ ਹਾਂ ਮੁੱਢ ਕਦੀਮ ਦੇ, ਖੂਬ ਤਲਬਾਂਤਰੀਆਂ
ਉਨ੍ਹਾਂ ਸਰਕ ਲਈਆਂ ਸਰਵਾਹੀਆਂ, ਹੱਥ ਢਾਲਾਂ ਫੜ੍ਹੀਆਂ
ਅਸੀਂ ਹਜ਼ਰਤ ਅਲੀ ਦੀ ਜੰਗ ਵਾਂਗ, ਘੱਤ ਦਿਆਂਗੇ ਗਲੀਆਂ
ਕਾਬਲ ਰੋਣ ਪਠਾਣੀਆਂ, ਭੰਨ ਚੂੜੇ ਕੜੀਆਂ।

ਨਜ਼ਾਬਤ ਮੁਗਲ ਫੌਜ ਵਿੱਚ ਸ਼ਾਮਲ ਰਾਜਪੂਤ ਰਾਜਿਆਂ ਬਾਰੇ ਜਾਣਕਾਰੀ ਦਿੰਦਾ ਹੋਇਆ ਦੱਸਦਾ ਹੈ ਕਿ ਉਹ ਅਫੀਮ ਖਾਣ ਦੇ ਬਹੁਤ ਸ਼ੌਕੀਨ ਸਨ,

ਚੜ੍ਹ ?ਹੇ ਔਰੰਗਾਬਾਦ ਥੀਂ, ਭੇਰੀ ਘੁਰਲਾਵਣ
ਅੱਗੇ ਅੰਬੇਰੀ (ਜੈਪੁਰ) ਤੇ ਮਾਰਵਾੜ, ਬੂੰਦੀ ਘਲਿ ਆਵਣ
ਘੋੜੇ ਉਨ੍ਹਾ ਦੇ ਦਲਾਂ ਨੂੰ, ਕਰ ਜਸ਼ਨ ਵਿਖਾਵਣ,
ਉਹ ਪਾ ਪਾ ਫੀਮਾਂ ਟਾਂਕਦੇ, ਕੈਫੀ ਝੁਟਲਾਵਣ।

ਕਰਨਾਲ ਦੀ ਜੰਗ ਦਾ ਉਸ ਵੱਲੋਂ ਕੀਤਾ ਗਿਆ ਵਰਨਣ ਲੂੰ ਕੰਡੇ ਖੜੇ ਕਰਨ ਵਾਲਾ ਹੈ,

ਦੋਹੀਂ ਦਲੀਂ ਮੁਕਾਬਲਾ, ਰਣ ਸੂਰੇ ਗੜਕਣ
ਚੜ੍ਹ ਤੋਪਾਂ ਗੱਡੇ ਢੁੱਕੀਆਂ, ਲੱਖ ਸੰਗਲ ਖੜਕਣ
ਉਹ ਦਾਰੂ ਖਾਂਦੀਆਂ ਕੋਹਲੀਆਂ, ਮਣ ਗੋਲੇ ਰੜਕਣ
ਉਹ ਦਾਗ ਪਲੀਤੇ ਛੱਡੀਆਂ, ਵਾਂਗ ਬੱਦਲ ਕੜਕਣ
ਜਿਉਂ ਦਰ ਖੁਲ੍ਹੇ ਦੋਜ਼ਖ਼ਾਂ, ਮੂੰਹ ਭਾਹੀਂ ਭੜਕਣ
ਜਿਉਂ ਤ੍ਰਾਬੇ ਮਾਰੇ ਪੰਖਣੂੰ, ਵਿੱਚ ਬਾਗਾਂ ਫੜਕਣ
ਜਿਉਂ ਝੱਲੀਂ ਅੱਗਾਂ ਲੱਗੀਆਂ, ਰਣ ਸੂਰੇ ਤੜਕਣ
ਉਹ ਹਸ਼ਰ ਦਿਹਾੜਾ ਵੇਖ ਕੇ, ਦਲ ਦੋਵੇਂ ਧੜਕਣ।

ਜੰਬੂਰਚਾ ਇੱਕ ਛੋਟੀ ਤੋਪ ਹੁੰਦੀ ਹੈ ਜਿਸ ਨੂੰ ਊਠਾਂ ਉੱਪਰ ਫਿੱਟ ਕੀਤਾ ਜਾਂਦਾ ਸੀ ਤਾਂ ਜੋ ਮੈਦਾਨੇ ਜੰਗ ਵਿੱਚ ਕਿਤੇ ਵੀ ਲਿਜਾਇਆ ਜਾ ਸਕੇ। ਉਨ੍ਹਾਂ ਬਾਰੇ ਨਜ਼ਾਬਤ ਲਿਖਦਾ ਹੈ,

ਹੋਇਆ ਹੁਕਮ ਜੰਬੂਰਚੀਆਂ, ਆ ਊਠ ਝੁਕਾਏ
ਬਾਹੀ ਜਿਵੇਂ ਪਹਾੜ ਦੀ, ਕਰ ਕੋਟ ਬਹਾਏ
ਉਨ੍ਹਾਂ ਕਰ ਕੇ ਧੌਣਾਂ ਲੰਮੀਆਂ, ਬੱਦਲ ਗਿਰੜਾਏ
ਦਾਗ ਪਲੀਤੇ ਛੱਡੀਆਂ, ਡੌਂ ਝੱਲੀਂ ਲਾਏ
ਪੈ ਰਹੇ ਹਜ਼ਾਰ ਮੈਦਾਨ ਵਿੱਚ, ਦੁਪਾਏ ਚੁਪਾਏ
ਹਾਥੀ ਢਹਿੰਦੇ ਦਲਾਂ ਵਿੱਚ, ਹੋ ਸਿਰ ਤਲਵਾਏ
ਜਿਵੇਂ ਢਹਿਣ ਮਣਾਂ ਦਰਿਯਾ ਦੀਆਂ, ਸਾਵਣ ਹੜ੍ਹ ਆਏ।

ਤੀਰ ਅੰਦਾਜ਼ਾਂ ਦੇ ਰਣ ਕੌਸ਼ਲ ਬਾਰੇ ਉਹ ਲਿਖਦਾ ਹੈ,

ਧਣਵਾਂ ਪਕੜ ਬਹਾਦਰਾਂ, ਹੱਥ ਖੱਬੇ ਫੜ੍ਹੀਆਂ
ਉਨ੍ਹਾਂ ਸੱਜੇ ਚਿੱਲਾ ਖਿੱਚਿਆ, ਖਿੱਚ ਕੰਨੀ ਖੜੀਆਂ
ਪਰ ਘੱਤ ਉੱਡਣ ਕਾਨੀਆਂ, ਦੁਕਾਨੀਂ ਘੜੀਆਂ
ਉਹ ਮਾਰਨ ਸੂਰੇ ਸੂਰਿਆਂ, ਵਿੱਚ ਜਰਾ ਨਾ ਅੜੀਆਂ,
ਜਿਉਂ ਮੇਖਾਂ ਬੇੜੀ ਠੁੱਕੀਆਂ, ਧਸ ਗੁੱਝਾਂ ਵੜੀਆਂ
ਸੂਰੇ ਝੱਠੇ ਨੇ ਬੀਰ ਖੇਤ, ਮੱਲ ਸੁੱਤੇ ਰੜੀਆਂ।

ਬਦੂੰਕਚੀਆਂ ਦੀ ਬਹਾਦਰੀ ਬਾਰੇ ਵਰਨਣ ਇਸ ਤਰਾਂ ਕਰਦਾ ਹੈ,

ਜਵਾਨਾਂ ਤੁਫੰਗਾਂ ਪਕੜੀਆਂ, ਕਰ ਸ਼ਿਸ਼ਤ ਸੰਭਾਲੇ
ਉਨ੍ਹਾਂ ਲੱਪੀਂ ਦਾਰੂ ਠੇਹਲਿਆ, ਅੱਗ ਲਾ ਪਿਆਲੇ
ਸੜਕ ਘੱਤੀ ਸੀ ਗੋਲੀਆਂ, ਲੋਹੂ ਪਰਨਾਲੇ
ਜਿਉਂ ਭੌਰ ਗੁੱਲਾਂ ਪਰ ਗੂੰਜਦੇ, ਹੋ ਮੁਹਰੇ ਫਾਲੇ
ਜਿਉਂ ਵੱਸੇ ਗੜਾ ਤੂਫਾਨ ਦਾ, ਹੋਣ ਬੱਦਲ ਕਾਲੇ।

ਨੇਜ਼ੇਬਾਜ਼ਾਂ ਦੀ ਕਲਾ ਦਾ ਵਰਨਣ ਵੀ ਕਮਾਲ ਦਾ ਹੈ,

ਨੇਜ਼ੇ ਆਏ ਢੁੱਕ ਕੇ ਜਿਵੇਂ ਪਾਣੀ ਹੜ੍ਹ ਦੇ
ਸਿਰ ਨਿਵਾਏ ਬਰਛੀਆਂ, ਤਸਬੀਹਾਂ ਪੜ੍ਹਦੇ
ਲੈ ਜਾਂਦੇ ਬਰਛੇ ਆਸਣੋਂ, ਸੈ ਪਰਨੇ ਪੜਦੇ
ਜਿਉਂ ਕਬੂਤਰ ਫੁੜਕ ਕੇ, ਹੋ ਲੋਥਾਂ ਝੜਦੇ
ਜਿਉਂ ਕਾਂ ਬਸੇਰਾ ਬਾਗ ਵਿੱਚ, ਘੱਤ ਘੇਰਾ ਵੜਦੇ।

ਪਰ ਆਖਰ ਨਾਦਰ ਸ਼ਾਹ ਦੀ ਜਿੱਤ ਹੋ ਜਾਂਦੀ ਹੈ ਤੇ ਮੁਗਲ ਹਾਰ ਜਾਂਦੇ ਹਨ,

ਨਾਜ਼ਰ ਸ਼ਾਹ ਵਾਜੇ ਫਤਿਹ ਦੇ, ਸ਼ਾਦਿਆਨੇ ਵਾਹੇ
ਮਨਸੂਰ ਅਲੀ ਤੇ ਕਮਰ ਦੀਨ, ਸ਼ੱਰਰੇ ਛਡਿਆਹੇ
ਤੁਬਕਾਂ ਤੋਪਾਂ ਰਹਿਕਲੇ, ਦੱਬ ਪਾਸੇ ਲਾਏ
ਬੁਰਜ ਬਾਜ਼ੀ ਸ਼ਤਰੰਜ ਦੀ, ਮਾਰ ਰੁੱਕ ਉਡਾਏ
ਹੱਥ ਧਰੋਹੀ ਨਾਜ਼ਰ ਸ਼ਾਹ ਦੀ ਹਿੰਦ ਸਾਰੀ ਆਏ।

# ਖਤਮ ਹੋ ਰਿਹਾ ਹੈ ਪੜ੍ਹਨ ਦਾ ਸ਼ੌਕ

ਇਕ ਸਮਾਂ ਸੀ ਜਦੋਂ ਲੋਕਾਂ ਦੇ ਘਰਾਂ ਵਿੱਚ ਪੜ੍ਹਨ ਵਾਲੀਆਂ ਕਿਤਾਬਾਂ ਦੀਆਂ ਅਲਮਾਰੀਆਂ ਹੁੰਦੀਆਂ ਸਨ। ਘਰਾਂ ਦੇ ਕਮਰੇ ਕਿਤਾਬਾਂ ਨਾਲ ਭਰੇ ਖਜਾਨੇ ਹੁੰਦੇ ਸੀ।ਕਿਤਾਬਾਂ ਨੂੰ ਪੜ੍ਹਨ ਵਾਲਿਆਂ ਦੀ ਗਿਣਤੀ ਭਰਪੂਰ ਹੋਣ ਦੇ ਨਾਲ ਕਿਤਾਬਾਂ ਪੜ੍ਹਨ ਨੂੰ ਲੋਕ ਇਕ ਆਦਤ ਸਮਝਦੇ ਸਨ।ਉਹ ਸਮਾਂ ਵੀ ਸੀ ਜਦੋਂ ਰੇਲਵੇ ਸਟੇਸ਼ਨ ਅਤੇ ਬੱਸ ਅੱਡਿਆਂ *ਤੇ ਕਿਤਾਬਾਂ ਦੀਆਂ ਦੁਕਾਨਾਂ *ਤੇ ਲਾਈਨ ਲੱਗੀ ਹੁੰਦੀ ਸੀ।ਪਰ ਹੁਣ ਇਹ ਨਜ਼ਾਰਾ ਲਗਪਗ ਖ਼ਤਮ ਹੋ ਗਿਆ ਹੈ।ਹੁਣ ਤਾਂ ਲੋਕ ਕਿਸੇ ਵੀ ਕੰਮ ਦੀ ਜਾਣਕਾਰੀ ਗੂਗਲ ਤੋਂ ਲੈਂਦੇ ਹਨ।ਕਿਤਾਬਾਂ ਪੜ੍ਹਨ ਦੀ ਬਜਾਏ ਆਡੀਓ—ਵੀਡੀਓ ਕੰਟੈਂਟ *ਤੇ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ।ਇਸ ਸਮਾਂ ਸੀ ਜਦੋਂ ਘਰਾਂ ਵਿੱਚ ਵਿਦਿਆਰਥੀਆਂ ਲਈ ਐਨਸਾਈਕਲੋਪੀਡੀਆ ਹੁੰਦਾ ਸੀ।ਇਸ ਤੋਂ ਬੱਚਿਆਂ ਨੂੰ ਪੜ੍ਹਨ ਦੀ ਆਦਤ ਪੈਂਦੀ ਸੀ। ਪਰ ਹੁਣ ਬੱਚਿਆ ਦਾ ਧਿਆਨ ਵੀਡੀਓਜ, ਆਨਲਾਈਨ ਗੇਮਾਂ ਅਤੇ ਸੋਸ਼ਲ ਮੀਡੀਆ ਦੀਆਂ ਲੁਭਾਉਣ ਵਾਲੀਆਂ ਐਪਲੀਕੇਸ਼ਨਾਂ ਵੱਲ ਜਿਆਦਾ ਹੋ ਗਿਆ ਹੈ।



ਪਿਛਲੇ ਦਸ ਤੋਂ ਪੰਦਰਾਂ ਸਾਲਾਂ ਵਿੱਚ ਮੋਬਾਇਲ ਨੇ ਪੜ੍ਹਨ ਦੀ ਆਦਤ ਖਤਮ ਕਰ ਦਿੱਤੀ ਹੈ।ਪਾਠਕਾਂ ਦੀ ਗਿਣਤੀ ਘੱਟ ਹੋ ਜਾਣ ਕਾਰਨ ਕਿਤਾਬਾਂ ਦੀ ਵਿਕਰੀ ਵੀ ਘੱਟ ਹੋਈ ਹੈ।ਹੁਣ ਲੋਕ ਕਿਤਾਬਾਂ ਖ਼ਰੀਦਣ ਦੀ ਥਾਂ ਉਨ੍ਹਾਂ ਦੇ ਆਡੀਓ ਬੁੱਕ ਸੁਣਦੇ ਹਨ ਜਾਂ ਵੀਡੀਓਜ਼ ਦੇਖ ਲੈਂਦੇ ਹਨ।

ਸਕੂਲਾਂ ਤੋਂ ਲੈਕੇ ਕਾਲਜਾਂ ਤੱਕ ਵਿਦਿਆਰਥੀ ਮੋਬਾਇਲ ਦੀ ਆਭਾਸੀ ਦੁਨੀਆਂ ਵਿੱਚ ਗੁਆਚੇ ਰਹਿੰਦੇ ਹਨ। ਉਨ੍ਹਾਂ ਦੀ ਪੜ੍ਹਨ ਦੀ ਆਦਤ ਮੁੱਕਦੀ ਜਾ ਰਹੀ ਹੈ। ਮੋਬਾਇਲ ਦੀ ਚਮਕਦਾਰ ਸਕਰੀਨ ਨੇ ਕਿਤਾਬਾਂ ਦੀ ਸੁਦੰਰਤਾਂ *ਤੇ ਪਰਦਾ ਪਾ ਦਿੱਤਾ ਹੈ।

ਅੱਜਕੱਲ੍ਹ ਇੰਟਰਨੈੱਟ *ਤੇ ਬਹੁਤ ਕੁਝ ਮੁਫਤ ਮਿਲ ਰਿਹਾ ਹੈ, ਜਦੋਂ ਕੋਈ ਚੀਜ ਮੁਫ਼ਤ ਮਿਲਦੀ ਹੈ ਤਾਂ ਲੋਕਾਂ ਨੂੰ ਉਸ ਦੀ ਕੀਮਤ ਦਾ ਅਹਿਸਾਸ ਨਹੀਂ ਹੁੰਦਾ।ਇਸੇ ਪ੍ਰਭਾਵ ਵਜੋਂ ਲੋਕਾਂ ਵਿੱਚ ਪੜ੍ਹਨ੍ਹ ਦੀ ਗੰਭੀਰਤਾ ਖ਼ਤਮ ਹੋ ਰਹੀ ਹੈ।ਇਸ ਮੁਫ਼ਤ ਦੇ ਸੌਦੇ ਕਾਰਨ ਹੀ ਕਿਤਾਬਾਂ ਦੀ ਮਹੱਤਤਾ ਘੱਟ ਰਹਿ ਗਈ ਹੈ ।ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਜਦੋਂ ਤੱਕ ਉਹ ਪੜ੍ਹਨ ਨੂੰ ਆਪਣੀ ਆਦਤ ਨਹੀਂ ਬਣਾਉਂਦੇ ਉਦੋਂ ਤੱਕ ਉਨ੍ਹਾਂ ਦੀ ਸੋਚਣ ਦੀ ਸਮਰੱਥਾ ਵਿੱਚ ਵਾਧਾ ਨਹੀਂ ਹੋਵੇਗਾ। ਲੋਕਾਂ ਨੂੰ ਪੜ੍ਹਨ ਵੱਲ ਪ੍ਰੇਰਿਤ ਕਰਨ ਲਈ ਸਕੂਲਾਂ, ਕਾਲਜਾਂ ਅਤੇ ਪਰਿਵਾਰਾਂ ਨੂੰ ਇਕੱਠੇ ਹੋਣਾ ਪਵੇਗਾ।

ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਘਰਾਂ ਵਿੱਚ ਪੜ੍ਹਨ ਵਾਲਾ ਮਾਹੌਲ ਬਣਾਇਆ ਜਾਵੇ। ਸਕੂਲ ਕਾਲਜਾਂ ਵਿੱਚ ਲਾਈਬ੍ਰੇਰੀ ਦਿਵਸ ਮਨਾਇਆ ਜਾਵੇ ਅਤੇ ਕਿਤਾਬਾਂ ਦੀ ਮਹੱਤਤਾ ਬਾਰੇ ਸਮਾਜ ਵਿੱਚ ਚਰਚਾ ਹੋਣੀ ਚਾਹੀਦੀ ਹੈ।ਆਧੁਨਿਕ ਯੁੱਗ ਵਿੱਚ ਵੀ ਕਿਤਾਬਾਂ ਸਭ ਤੋਂ ਵਧੀਆਂ ਮਿੱਤਰ ਹਨ।ਮੋਬਾਇਲ ,ਇੰਟਰਨੈੱਟ ,ਸ਼ੋਸ਼ਲ ਮੀਡੀਆ ਨੇ ਭਾਵੇਂ ਜਾਣਕਾਰੀ ਦੇਣ ਦੀ ਗਤੀ ਤੇਜ਼ ਕਰ ਦਿੱਤੀ ਹੈ, ਪਰ ਇਹ ਤੁਹਾਡੀ ਗਹਿਰਾਈ ਵਾਲੀ ਸੋਚ ਵਿਕਸਤ ਨਹੀਂ ਕਰਦੇ।ਡੂੰਘੀ ਅਤੇ ਤਰਕ ਭਰਪੂਰ ਸੋਚ ਤੇ ਸਮਝ ਵਿਕਸਤ ਕਰਨ ਲਈ ਕਿਤਾਬਾਂ ਪੜ੍ਹਨ ਦੀ ਜਰੂਰਤ ਪੈਂਦੀ ਹੈ। ਸਮੇਂ ਦੀ ਕਮੀਂ ,ਤਕਨੀਕ ਦੀ ਸੌਖੀ ਉਪਲੱਬਤਾ ਅਤੇ ਆਲਸ ਨੇ ਸਾਨੂੰ ਕਿਤਾਬਾਂ ਪੜ੍ਹਨ ਤੋਂ ਦੂਰ ਕਰ ਦਿੱਤਾ ਹੈ।ਜੇਕਰ ਤਕਨੀਕੀ ਉਪਕਰਣਾ ਦਾ ਸਹੀ ਢੰਗ ਨਾਲ ਇਸਤਮਾਲ ਕੀਤਾ ਜਾਵੇ, ਤਾਂ ਇਹ ਵੀ ਕਿਤਾਬਾਂ ਪੜ੍ਹਨ ਦੀ ਆਦਤ ਵਿਚ ਰੁਚੀ ਪੈਦਾ ਕਰ ਸਕਦੇ ਹਨ।ਮੁੱਖ ਸਮੱਸਿਆ ਇਹ ਵੀ ਹੈ ਕਿ ਹੁਣ ਘਰਾਂ ਵਿੱਚ ਕਿਤਾਬਾਂ ਹੀ ਨਹੀਂ ਹਨ।ਜੇਕਰ ਘਰਾਂ ਵਿੱਚ ਕਿਤਾਬਾਂ ਹੋਣ ਤਾਂ ਬੱਚੇ ਜ਼ਰੂਰ ਪੜ੍ਹਣਗੇ।ਪੜ੍ਹਨ ਦੀ ਆਦਤ ਨੂੰ ਵਿਕਸਤ ਕਰਨ ਲਈ ਘਰਾ ਅਤੇ ਦਫਤਰਾਂ ਵਿੱਚ ਅਖ਼ਬਾਰ ਅਤੇ ਮੈਗਜ਼ੀਨ ਆਉਣੇ ਬਹੁਤ ਜ਼ਰੂਰੀ ਹਨ। ਇਸ ਨਾਲ ਪੜ੍ਹਨ ਦੀ ਆਦਤ ਬਣਦੀ ਹੈ।ਲਾਇਬੇ ?ਰੀਆਂ ਬਣਾਓ, ਅ ?ਖ਼ਬਾਰ ਪੜ੍ਹਨ ਦੀ ਆਦਤ ਪਾਓ ਅਤੇ ਆਪਣੇ ਬੱਚਿਆਂ ਨੂੰ ਵੀ ਕਿਤਾਬਾਂ ਦੀ ਮਹੱਤਤਾ ਦੱਸੋ।ਜੇਕਰ ਅਸੀਂ ਆਪਣੇ ਘਰ ਵਿੱਚ ਕਿਤਾਬਾਂ ਦੀ ਇੱਜ਼ਤ ਨਹੀਂ ਕਰਾਂਗੇ ਤਾਂ ਬੱਚਿਆਂ ਨੂੰ ਪੜ੍ਹਨ ਦੀ ਆਦਤ ਨਹੀਂ ਪਵੇਗੀ।ਜਿਵੇਂ ਅਸੀਂ ਮੰਦਿਰ ਜਾਂ ਗੁਰਦੁਆਰੇ ਵਿੱਚ ਧਰਮ ਗ੍ਰੰ ?ਥਾਂ ਦਾ ਸਤਿਕਾਰ ਕਰਦੇ ਹਾਂ ,ਉਸੇ ਤਰ੍ਹਾਂ ਕਿਤਾਬਾਂ ਦੀ ਇੱਜ਼ਤ ਵੀ ਯਕੀਨੀ ਬਣਾਓ।ਕਿਤਾਬਾਂ ਪੜ੍ਹਨ ਦੀ ਆਦਤ ਸਿਰਫ ਮਨੋਰੰਜਨ ਲਈ ਨਹੀਂ, ਸੱਚੀ ਸਿੱਖਿਆ ਅਤੇ ਗਿਆਨ ਲਈ ਹੈ। ਇੰਨ੍ਹਾਂ ਤੋਂ ਹੀ ਇਕ ਨਵਾਂ ਸਮਾਜ ਦੀ ਸਿਰਜਣਾ ਹੋ ਸਕਦੀ ਹੈ।

ਨਿਊਜ਼ਪੇਪਰ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ ਰੋਡ ,ਬਠਿੰਡਾ।

# ਚੋਰ ਤੇ ਉਸ ਦਾ ਪੁੱਤਰ

ਪੁਰਾਣੇ ਸਮੇਂ ਦੀ ਗੱਲ ਹੈ ਇੱਕ ਚੋਰ ਬੜਾ ਮਸ਼ਹੂਰ ਸੀ ਤੇ ਫੜਿਆ ਵੀ ਕਦੇ ਨਹੀਂ ਸੀ ਗਿਆ। ਬੜਾ ਅਨੁਭਵੀ ਤੇ ਸਮਝਦਾਰ ਸੀ । ਇੱਕ ਦਿਨ ਉਸ ਦਾ ਪੁੱਤਰ ਕਹਿਣ ਲੱਗਿਆ," ਪਿਤਾ ਜੀ ਕੀ ਕਾਰਣ ਹੈ, ਅੱਜ ਤੱਕ ਤੁਸੀਂ ਚੋਰੀ ਕਰਦੇ ਫੜੇ ਕਿਉਂ ਨਹੀਂ ਗਏ, " ਦੂਜੀ ਰਾਤ ਚੋਰ ਆਪਣੇ ਪੁੱਤਰ ਨੂੰ ਚੋਰੀ ਕਰਨ ਆਪਣੇ ਨਾਲ ਲੈ ਗਿਆ। ਅੱਧੀ ਰਾਤ ਦਾ ਸਮਾਂ ਸੀ ਚੋਰ ਨੇ ਇੱਕ ਘਰ ਦੀ ਕੰਧ ਨੂੰ ਪਾੜ ਲਾ ਲਿਆ, ਬੇ ਖੌਫ ਹੋ ਕੇ ਜਿਵੇਂ ਕਿਸੇ ਦਾ ਡਰ ਈ ਨਾ ਹੋਵੇ। ਕੋਲ ਖੜ੍ਹੇ ਪੁੱਤਰ ਦੀਆਂ ਡਰ ਨਾਲ ਲੱਤਾਂ ਕੰਬ ਰਹੀਆਂ ਸਨ। ਪਾੜ ਵਿੱਚੋਂ ਦੀ ਲੰਘ ਆਪਣੇ ਪੁੱਤਰ ਨੂੰ ਨਾਲ ਲੈ ਕੇ ਚੋਰ ਹੌਲੀ-ਹੌਲੀ ਸਾਰਾ ਸਮਾਨ ਇਕੱਠਾ ਕਰਨ ਲੱਗ ਪਿਆ। ਉਸ ਦੇ ਪੁੱਤਰ ਦਾ ਦਿਲ ਜ਼ੋਰ-ਜ਼ੋਰ ਦੀ ਧੜਕ ਰਿਹਾ ਸੀ । ਪਰ ਚੋਰ ਬੇ-ਡਰ ਹੋ ਕੇ ਆਪਣੇ ਘਰ ਦੀ ਤਰ੍ਹਾਂ ਫਿਰ ਰਿਹਾ ਸੀ। ਚੋਰ ਨੇ ਆਪਣੇ ਪੁੱਤਰ ਨੂੰ ਇੱਕ ਬਾਰੀ ਵਿੱਚੋ ਸਮਾਨ ਕੱਢਣ ਲਈ ਕਿਹਾ, ਤੇ ਉਸ ਨੂੰ ਅੰਦਰ ਵਾੜ ਦਿੱਤਾ, ਜਿਉਂ ਹੀ ਉਸ ਦਾ ਪੁੱਤਰ ਬਾਰੀ ਵਿੱਚ ਵੜਿਆ ਤਾਂ ਚੋਰ ਨੇ ਉਸ ਨੂੰ ਬਾਹਰੋਂ ਕੁੰਡੀ ਲਾ ਦਿੱਤੀ, ਤੇ ਚੋਰ ਦਾ ਰੌਲਾ ਪਾ ਕੇ ਪਾੜ ਵਿੱਚ ਦੀ ਬਾਹਰ ਨਿਕਲ ਗਿਆ। ਲੋਕ ਜਾਗ ਪਏ, ਰੌਲਾ ਪੈ ਗਿਆ। ਚੋਰ ਦੇ ਪੁੱਤਰ ਨੇ ਸੋਚਿਆ ਕਿ ਮੈਂ ਹੁਣ ਕਿਵੇਂ ਬਚਾ, ਉਸ ਨੇ ਆਪਣੇ ਤਰੀਕੇ ਨਾਲ ਬਾਰੀ ਨੂੰ ਜ਼ੋਰ ਦੀ ਧੱਕਾ ਮਾਰਿਆ ਤੇ ਬਾਹਰ ਨਿਕਲ ਕੇ ਦੌੜ ਗਿਆ ਪਿੱਛੇ- ਪਿੱਛੇ ਲੋਕ ਚੋਰ ਚੋਰ ਕਰਦੇ ਜਾ ਰਹੇ ਸਨ।

ਉਸ ਨੇ ਸੋਚਿਆ ਕਿ ਲੋਕ ਮੇਰੇ ਨੇੜੇ ਆ ਗਏ ਹਨ ਕਿਤੇ ਮੈਂ ਫੜਿਆ ਨਾ ਜਾਵਾਂ। ਉਸ ਨੂੰ ਇੱਕ ਤਰਕੀਬ ਸੁੱਝੀ ਉਸ ਨੇ ਇੱਕ ਵੱਡਾ ਸਾਰਾ ਪੱਥਰ ਚੁੱਕਿਆ ਅਤੇ ਖੂਹ ਵਿੱਚ ਸੁੱਟ ਦਿੱਤਾ। ਲੋਕ ਉੱਥੇ ਰੁਕ ਗਏ ਕਿ ਚੋਰ ਨੇ ਖੂਹ ਵਿੱਚ ਛਾਲ ਮਾਰ ਦਿੱਤੀ ਹੈ। ਉਹ ਸਿੱਧਾ ਆਪਣੇ ਘਰ ਗਿਆ ਤਾਂ ਉਸ ਦਾ ਪਿਤਾ ਬੜੇ ਅਰਾਮ ਨਾਲ ਸੌਂ ਰਿਹਾ ਸੀ। ਉਸ ਨੇ ਉਸ ਉੱਪਰੋਂ ਚਾਦਰ ਖਿੱਚੀ ਤੇ ਕਿਹਾ," ਤੁਸੀ ਮੇਰੇ ਪਿਤਾ ਹੋ ਜਾਂ ਦੁਸਮਣ, ਮੈਨੂੰ ਚੋਰੀ ਵਾਲੇ ਘਰੇ ਲਿਜਾ ਕੇ ਫੇਰ ਆਪ ਹੀ ਚੋਰ ਚੋਰ ਦਾ ਰੌਲਾ ਪਾ ਦਿੱਤਾ," ਪੁੱਤਰ ਬੜੇ ਗੁੱਸੇ ਵਿੱਚ ਬੋਲਿਆ, ਮੈਂ ਮਸਾਂ ਆਪਣੀ ਜਾਨ ਬਚਾ ਕੇ ਘਰੇ ਆਇਆ, ਉਸ ਦਾ ਪਿਤਾ ਉਠਿਆ ਤੇ ਉਸ ਨੂੰ ਆਪਣੇ ਗਲ ਨਾਲ ਲਗਾ ਕੇ ਕਹਿਣ ਲੱਗਿਆ," ਹੁਣ ਤੂੰ ਪੁੱਤਰ ਪੱਕਾ ਚੋਰ ਬਣ ਗਿਆ ਆਪਣੇ ਤਰੀਕੇ ਨਾਲ ਬਚ ਕੇ ਘਰ ਆ ਗਿਆ, ਸਾਇਦ ਮੇਰਾ ਦੱਸਿਆ ਤਰੀਕਾ ਉਸ ਵੇਲੇ ਤੇਰੇ ਕੰਮ ਨਾ ਆਉਂਦਾ ਤੇ ਤੂੰ ਫੜਿਆ ਜਾਂਦਾ। ਤੂੰ ਬਹੁਤ ਹੀ ਅਨੁਭਵੀ ਹੈ ਤੇ ਹੁਣ ਕਦੇ ਵੀ ਫੜਿਆ ਨਹੀਂ ਜਾਵੇਗਾ। ਜੋ ਮਨੁੱਖ ਆਪਣੇ ਅਨੁਭਵ ਨਾਲ ਕੰਮ ਕਰਦਾ ਹੈ ਉਹ ਕਦੇ ਵੀ ਜ਼ਿੰ ?ਦਗੀ ਵਿੱਚ ਧੋਖਾ ਨਹੀਂ ਖਾਂਦਾ।

ਨਿਊਜ਼ਪੇਪਰ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ
ਫੋਨ ਨੰਬਰ 94658-21417

# ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ



ਗੋਂਡੀਆ - ਭਾਵੇਂ ਬ੍ਰਹਿਮੰਡ ਦੇ ਸਿਰਜਣਹਾਰ ਨੇ ਬ੍ਰਹਿਮੰਡ ਦੀਆਂ 84 ਲੱਖ ਪ੍ਰਜਾਤੀਆਂ ਵਿੱਚ ਹਰ ਕਿਸੇ ਨੂੰ ਦਿਮਾਗ ਦਿੱਤਾ ਹੈ, ਮਨੁੱਖੀ ਪ੍ਰਜਾਤੀ ਵਿੱਚ ਬਣਾਇਆ ਗਿਆ ਦਿਮਾਗ ਨਾ ਸਿਰਫ ਕਲਾ ਦਾ ਇੱਕ ਸ਼ਾਨਦਾਰ ਕੰਮ ਹੈ ਬਲਕਿ ਇਸਦੇ ਨਤੀਜਿਆਂ ਵਿੱਚੋਂ ਇੱਕ ਹੈ, ਇਹ ਦਿਮਾਗ ਦੀ ਤਾਕਤ ਨਾਲ ਹੀ ਮਨੁੱਖ ਚੰਦਰਮਾ ਤੱਕ ਪਹੁੰਚਿਆ ਹੈ, ਅਤੇ ਸੂਰਜ, ਚੰਦਰਮਾ, ਧਰਤੀ ਸਮੇਤ ਕਈ ਕੁਦਰਤੀ ਰਚਨਾਵਾਂ ਨੂੰ ਨਕਲੀ ਬਣਾ ਕੇ, ਉਨ੍ਹਾਂ ਨਾਲ ਮੇਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਹੁਣ ਮਨੁੱਖੀ ਸਰੀਰ ਵਿੱਚ ਕੀ ਦਾਖਲ ਹੁੰਦਾ ਹੈ ਅਤੇ ਕੀ ਬਾਹਰ ਜਾਂਦਾ ਹੈ ਜੋ ਮਨੁੱਖ ਨੂੰ ਜੀਵਨ ਅਤੇ ਮੌਤ ਦੇ ਚੱਕਰ ਵਿੱਚ ਪਾਉਂਦਾ ਹੈ, ਇਸ 'ਤੇ ਖੋਜ ਚੱਲ ਰਹੀ ਹੈ ਜਿਸ ਵਿੱਚ ਮੈਂ, ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ, ਮੰਨਦਾ ਹਾਂ ਕਿ ਮਨੁੱਖ ਕਦੇ ਵੀ ਸਫਲ ਨਹੀਂ ਹੋਵੇਗਾ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ 22 ਜੁਲਾਈ 2025 ਨੂੰ ਵਿਸ਼ਵ ਦਿਮਾਗ ਦਿਵਸ ਮਨਾਇਆ ਜਾ ਰਿਹਾ ਹੈ। ਵਿਸ਼ਵ ਦਿਮਾਗ ਦਿਵਸ ਇੱਕ ਵਿਸ਼ਵਵਿਆਪੀ ਲਹਿਰ ਹੈ ਜੋ ਦਿਮਾਗ ਦੀ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਤੁਹਾਡੇ ਦਿਮਾਗ ਨੂੰ ਜੀਵਨ ਭਰ ਸਿਹਤਮੰਦ ਰੱਖਣ ਦੇ ਤਰੀਕਿਆਂ ਨੂੰ ਸਾਂਝਾ ਕਰਨ ਲਈ ਸਮਰਪਿਤ ਹੈ। ਇਹ ਯਾਦ ਰੱਖਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਕਿ ਦਿਮਾਗ ਦੀ ਸਿਹਤ ਸਿਰਫ਼ ਬਜ਼ੁਰਗਾਂ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ, ਸਗੋਂ ਇਹ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ। ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ। ਖਾਸ ਕਰਕੇ ਭਾਰਤ ਲਈ, ਜਿੱਥੇ 65% ਤੋਂ ਵੱਧ ਨੌਜਵਾਨ ਰਹਿੰਦੇ ਹਨ, ਸਾਡੇ ਸਾਹਮਣੇ ਵਿਜ਼ਨ 2047 ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਲੇਖ ਰਾਹੀਂ ਚਰਚਾ ਕਰਾਂਗੇ।

ਦੋਸਤੋ, ਜੇਕਰ ਅਸੀਂ ਦਿਮਾਗ ਦੀ ਸਿਹਤ ਨੂੰ ਸਮਝਣ ਬਾਰੇ ਗੱਲ ਕਰੀਏ, ਤਾਂ ਦਿਮਾਗ ਦੀ ਸਿਹਤ ਦਾ ਅਰਥ ਹੈ ਸਾਡੇ ਦਿਮਾਗ ਨੂੰ ਸਕਾਰਾਤਮਕ, ਲਚਕਦਾਰ ਅਤੇ ਕਿਰਿਆਸ਼ੀਲ ਰੱਖਣਾ। ਇਹ ਸਾਡੇ ਸੋਚਣ, ਸਿੱਖਣ, ਯਾਦ ਰੱਖਣ ਅਤੇ ਤਣਾਅ ਨਾਲ ਨਜਿੱਠਣ ਦੇ ਤਰੀਕੇ ਨੂੰ ਪ੍ਰਭਾਵਿਤ ਕਰਦਾ ਹੈ। ਇੱਕ ਸਿਹਤਮੰਦ ਦਿਮਾਗ ਹੋਣਾ ਸਮੁੱਚੀ ਸਿਹਤ, ਸਫਲ ਸਬੰਧਾਂ ਅਤੇ ਜੀਵਨ ਭਰ ਆਜ਼ਾਦੀ ਦਾ ਆਧਾਰ ਹੈ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਦਿਮਾਗ ਦੀ ਸਿਹਤ ਬੋਧਾਤਮਕ, ਭਾਵਨਾਤਮਕ, ਸੰਵੇਦੀ ਅਤੇ ਸਰੀਰਕ ਖੇਤਰਾਂ ਵਿੱਚ ਸੁਚਾਰੂ ਢੰਗ ਨਾਲ ਕੰਮ ਕਰਨ ਦੀ ਯੋਗਤਾ ਹੈ - ਜੋ ਵਿਅਕਤੀਆਂ ਨੂੰ ਸਿਹਤ ਸਥਿਤੀਆਂ ਦਾ ਪ੍ਰਬੰਧਨ ਕਰਦੇ ਹੋਏ ਇੱਕ ਸੰਪੂਰਨ, ਸੁਤੰਤਰ ਜੀਵਨ ਜਿਉਣ ਦੇ ਯੋਗ ਬਣਾਉਂਦੀ ਹੈ। ਦਿਮਾਗ ਦੀ ਸਿਹਤ ਲਈ ਤੁਹਾਡੇ ਜੀਵਨ ਦੇ ਸਰੀਰਕ, ਵਾਤਾਵਰਣ ਅਤੇ ਸਮਾਜਿਕ ਪਹਿਲੂਆਂ ਦਾ ਪ੍ਰਬੰਧਨ ਕਰਨ ਦੀ ਲੋੜ ਹੁੰਦੀ ਹੈ, ਜੋ ਨਾ ਸਿਰਫ਼ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਬਿਹਤਰ ਬਣਾਉਂਦਾ ਹੈ, ਸਗੋਂ ਸਮਾਜਿਕ ਅਤੇ ਆਰਥਿਕ ਖੁਸ਼ਹਾਲੀ ਨੂੰ ਵੀ ਬਿਹਤਰ ਬਣਾਉਂਦਾ ਹੈ।

ਦੋਸਤੋ, ਵਿਸ਼ਵ ਦਿਮਾਗ ਦਿਵਸ ਮਨਾਉਣ ਦੀ ਗੱਲ ਕਰੀਏ ਤਾਂ, ਵਿਸ਼ਵ ਦਿਮਾਗ ਦਿਵਸ ਇੱਕ ਵਿਸ਼ਵਵਿਆਪੀ ਲਹਿਰ ਹੈ ਜੋ ਦਿਮਾਗ ਦੀ ਸਿਹਤ ਬਾਰੇ ਜਾਗਰੂਕਤਾ ਵਧਾਉਣ ਅਤੇ ਜੀਵਨ ਭਰ ਤੁਹਾਡੇ ਦਿਮਾਗ ਨੂੰ ਸਿਹਤਮੰਦ ਰੱਖਣ ਦੇ ਤਰੀਕਿਆਂ ਨੂੰ ਸਾਂਝਾ ਕਰਨ ਲਈ ਸਮਰਪਿਤ ਹੈ। ਇਹ ਯਾਦ ਰੱਖਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਕਿ ਦਿਮਾਗ ਦੀ ਸਿਹਤ ਸਿਰਫ਼ ਬਜ਼ੁਰਗਾਂ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ, ਸਗੋਂ ਇਹ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ। ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ। 2014 ਤੋਂ, ਵਿਸ਼ਵ ਦਿਮਾਗ ਦਿਵਸ ਇੱਕ ਪ੍ਰਮੁੱਖ ਜਾਗਰੂਕਤਾ ਸਮਾਗਮ ਰਿਹਾ ਹੈ, ਜਿਸਦੀ ਅਗਵਾਈ ਵਿਸ਼ਵ ਫੈਡਰੇਸ਼ਨ ਆਫ਼ ਨਿਊਰੋਲੋਜੀ ਦੁਆਰਾ ਕੀਤੀ ਜਾਂਦੀ ਹੈ, ਜਿਸਨੂੰ ਪ੍ਰਮੁੱਖ ਨਿਊਰੋਲੋਜੀਕਲ ਸੰਗਠਨਾਂ ਦੁਆਰਾ ਸਮਰਥਨ ਪ੍ਰਾਪਤ ਹੈ। ਹਰ ਸਾਲ ਦਿਮਾਗ ਦੀ ਸਿਹਤ ਦੀ ਮਹੱਤਤਾ ਵੱਲ ਧਿਆਨ ਖਿੱਚਣ ਅਤੇ ਚੰਗੇ ਕੰਮਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਮੁੱਖ ਥੀਮ ਸਮੂਹਿਕ ਤੌਰ 'ਤੇ ਚੁਣਿਆ ਜਾਂਦਾ ਹੈ। ਸਾਲ 2025 ਦਾ ਥੀਮ ਵਿਸ਼ਵ ਸਿਹਤ ਸੰਗਠਨ ਦੇ ਦਿਮਾਗੀ ਸਿਹਤ, ਸ਼ੁਰੂਆਤੀ ਖੋਜ ਅਤੇ ਸਾਰੇ ਉਮਰ ਸਮੂਹਾਂ ਲਈ ਵਿਆਪਕ ਤੰਤੂ ਵਿਗਿਆਨਕ ਦੇਖਭਾਲ ਦੁਆਰਾ ਅਪੰਗਤਾ ਨੂੰ ਖਤਮ ਕਰਨ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ।

ਨਿਊਜ਼ਪੇਪਰ ਪ੍ਰੀਤਨਾਮਾ ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ
ਗੋਂਡੀਆ ਮਹਾਰਾਸ਼ਟਰ 9359653465

ਦੋਸਤੋ, ਜੇਕਰ ਅਸੀਂ ਦਿਮਾਗ ਨੂੰ ਸਿਹਤਮੰਦ ਰੱਖਣ ਦੀ ਗੱਲ ਕਰੀਏ, ਤਾਂ ਦਿਮਾਗ ਦੀ ਸਿਹਤ ਦਾ ਧਿਆਨ ਰੱਖਣ ਲਈ ਵੱਡੀਆਂ ਤਬਦੀਲੀਆਂ ਦੀ ਲੋੜ ਨਹੀਂ ਹੈ। ਸਾਦੀਆਂ ਰੋਜ਼ਾਨਾ ਆਦਤਾਂ ਵੀ ਵੱਡਾ ਫ਼ਰਕ ਪਾ ਸਕਦੀਆਂ ਹਨ। ਇਹ ਸਿਹਤਮੰਦ ਜੀਵਨ ਸ਼ੈਲੀ ਦੀਆਂ ਚੋਣਾਂ ਯਾਦਦਾਸ਼ਤ, ਇਕਾਗਰਤਾ, ਮੂਡ ਅਤੇ ਲੰਬੇ ਸਮੇਂ ਲਈ ਦਿਮਾਗੀ ਕਾਰਜ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀਆਂ ਹਨ। ਦਿਮਾਗ ਨੂੰ ਸਿਹਤਮੰਦ ਰੱਖਣ ਦੇ ਕੁਝ ਪ੍ਰਭਾਵਸ਼ਾਲੀ ਤਰੀਕੇ ਇਹ ਹਨ:(1) ਸੰਤੁਲਿਤ ਖੁਰਾਕ ਖਾਓ: ਐਂਟੀਆਕਸੀਡੈਂਟਸ, ਸਿਹਤਮੰਦ ਚਰਬੀ ਅਤੇ ਵਿਟਾਮਿਨਾਂ ਨਾਲ ਭਰਪੂਰ ਭੋਜਨ ਸ਼ਾਮਲ ਕਰੋ - ਜਿਵੇਂ ਕਿ ਪੱਤੇਦਾਰ ਸਾਗ, ਬੇਰੀਆਂ, ਗਿਰੀਦਾਰ, ਬੀਜ ਅਤੇ ਸਾਬਤ ਅਨਾਜ।(2) ਨਿਯਮਤ ਸਰੀਰਕ ਗਤੀਵਿਧੀ ਪ੍ਰਾਪਤ ਕਰੋ: ਕਸਰਤ ਦਿਮਾਗ ਵਿੱਚ ਖੂਨ ਦਾ ਪ੍ਰਵਾਹ ਵਧਾਉਂਦੀ ਹੈ ਅਤੇ ਯਾਦਦਾਸ਼ਤ ਦੇ ਨੁਕਸਾਨ ਅਤੇ ਮੂਡ ਵਿਕਾਰ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ।(3) ਨੀਂਦ ਨੂੰ ਤਰਜੀਹ ਦਿਓ: ਦਿਮਾਗ ਨੂੰ ਆਰਾਮ ਕਰਨ, ਮੁਰੰਮਤ ਕਰਨ ਅਤੇ ਜਾਣਕਾਰੀ ਦੀ ਪ੍ਰਕਿਰਿਆ ਕਰਨ ਲਈ ਹਰ (4) ਰਾਤ ਨੂੰ 7-9 ਘੰਟੇ ਦੀ ਗੁਣਵੱਤਾ ਵਾਲੀ ਨੀਂਦ ਦਾ ਟੀਚਾ ਰੱਖੋ।(5) ਮਾਨਸਿਕ ਤੌਰ 'ਤੇ ਸਰਗਰਮ ਰਹੋ: ਦਿਮਾਗ ਨੂੰ ਪੜ੍ਹਨ, ਪਹੇਲੀਆਂ ਹੱਲ ਕਰਨ, ਨਵਾਂ ਹੁਨਰ ਸਿੱਖਣ ਜਾਂ ਯਾਦਦਾਸ਼ਤ ਦੀਆਂ ਖੇਡਾਂ ਖੇਡਣ ਦੁਆਰਾ ਰੁੱਝੇ ਰੱਖੋ।(6) ਤਣਾਅ ਦਾ ਪ੍ਰਬੰਧਨ ਕਰੋ: ਲੰਬੇ ਸਮੇਂ ਲਈ(7)ਤਣਾਅ ਸਮੇਂ ਦੇ ਨਾਲ ਦਿਮਾਗ ਦੇ ਕੰਮਕਾਜ ਨੂੰ ਪ੍ਰਭਾਵਤ ਕਰ ਸਕਦਾ ਹੈ। ਆਰਾਮਦਾਇਕ ਤਕਨੀਕਾਂ ਜਿਵੇਂ ਕਿ ਡੂੰਘਾ ਸਾਹ ਲੈਣਾ, ਧਿਆਨ ਜਾਂ ਯੋਗਾ ਕਰਨਾ ਦਾ ਅਭਿਆਸ ਕਰੋ। (8) ਸਿਗਰਟਨੋਸ਼ੀ ਤੋਂ ਬਚੋ ਅਤੇ ਸ਼ਰਾਬ ਦੀ ਖਪਤ ਨੂੰ ਸੀਮਤ ਕਰੋ: ਇਹ ਪਦਾਰਥ ਦਿਮਾਗ ਦੇ ਸੈੱਲਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਤੰਤੂ ਵਿਗਿਆਨ ਸੰਬੰਧੀ ਵਿਕਾਰਾਂ ਦੇ ਜੋਖਮ ਨੂੰ ਵਧਾ ਸਕਦੇ ਹਨ।(9) ਨਿਯਮਤ ਸਿਹਤ ਜਾਂਚ ਕਰਵਾਓ: ਬੋਧਾਤਮਕ ਸਿਹਤ ਲਈ ਸ਼ੁਰੂਆਤੀ ਜਾਂਚ ਸਮੱਸਿਆਵਾਂ ਦੇ ਗੰਭੀਰ ਹੋਣ ਤੋਂ ਪਹਿਲਾਂ ਉਹਨਾਂ ਦਾ ਪਤਾ ਲਗਾਉਣ ਵਿੱਚ ਮਦਦ ਕਰ ਸਕਦੀ ਹੈ। ਦਿਮਾਗ ਮਨੁੱਖੀ ਸਰੀਰ ਦਾ ਨਿਯੰਤਰਣ ਕੇਂਦਰ ਹੈ, ਜੋ ਕਿ ਗਤੀ, ਯਾਦਦਾਸ਼ਤ, ਸੋਚ, ਭਾਵਨਾਵਾਂ ਅਤੇ ਤਾਲਮੇਲ ਲਈ ਜ਼ਿੰਮੇਵਾਰ ਹੈ। ਇਸਦੀ ਮਹੱਤਤਾ ਦੇ ਬਾਵਜੂਦ, ਦਿਮਾਗ ਦੀ ਸਿਹਤ ਨੂੰ ਅਕਸਰ ਉਦੋਂ ਤੱਕ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਜਦੋਂ ਤੱਕ ਕੋਈ ਸਮੱਸਿਆ ਪੈਦਾ ਨਹੀਂ ਹੁੰਦੀ। ਦੁਨੀਆ ਭਰ ਦੇ ਲੱਖਾਂ ਲੋਕ ਦਿਮਾਗ ਨਾਲ ਸਬੰਧਤ ਬਿਮਾਰੀਆਂ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਸ਼ੁਰੂਆਤੀ ਜਾਗਰੂਕਤਾ ਅਤੇ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਨਾਲ ਰੋਕਿਆ ਜਾਂ ਬਿਹਤਰ ਢੰਗ ਨਾਲ ਪ੍ਰਬੰਧਿਤ ਕੀਤਾ ਜਾ ਸਕਦਾ ਹੈ।

ਇਸ ਲਈ ਜੇਕਰ ਅਸੀਂ ਵਰਤੋਂ ਦੇ ਪੂਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਸੀਂ ਪਾਵਾਂਗੇ ਕਿ ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ। ਵਿਸ਼ਵ ਦਿਮਾਗ ਦਿਵਸ 22 ਜੁਲਾਈ 2025- ਦਿਮਾਗ ਦੀ ਸਿਹਤ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ ਮਾਨਸਿਕ, ਸਮਾਜਿਕ ਅਤੇ ਸਰੀਰਕ ਸਿਹਤ ਲਈ ਮਹੱਤਵਪੂਰਨ ਜਾਗਰੂਕਤਾ ਮੁਹਿੰਮਾਂ ਚਲਾ ਕੇ ਦਿਮਾਗ ਦੀਆਂ ਕਈ ਬਿਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ।

# ਰੁੱਖ ਲਗਾਉਣ ਦਾ ਵੀ ਵਿਰੋਧ ! - ਸੋਚਣ ਵਾਲੀ ਗੱਲ

ਕਦੇ ਸੋਚਿਆ ਨਹੀਂ ਸੀ ਕਿ ਰੁੱਖ ਲਗਾਉਣ ਵਰਗੇ ਨਿੱਕੇ, ਪਰ ਬਹੁਤ ਅਹਿਮ ਕੰਮ ਦਾ ਵੀ ਕੋਈ ਵਿਰੋਧ ਕਰੇਗਾ। ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡਿਓ ਨੇ ਮਨ ਪਰੇਸ਼ਾਨ ਕਰ ਦਿੱਤਾ। ਵੀਡਿਓ ਵਿਚ ਕੁਝ ਸਮਾਜ ਸੇਵੀ ਨੌਜਵਾਨ ਇਕ ਜਗ ?ਹਾ ਰੁੱਖ ਲਗਾ ਰਹੇ ਸਨ, ਪਰ ਉਥੇ ਇੱਕ ਵਿਅਕਤੀ ਵੱਲੋਂ ਉਨ੍ਹਾਂ ਵੱਲੋਂ ਉਸ ਦੇ ਘਰ ਤੋਂ ਥੋੜ੍ਹੀ ਦੂਰ ਸਰਕਾਰੀ ਜਗ ?ਹਾ ਤੇ ਰੁੱਖ ਲਗਾਉਣ ਦਾ ਵਿਰੋਧ ਕੀਤਾ ਗਿਆ। ਵਿਰੋਧ ਕਰਨ ਵਾਲੇ ਪਾਸਿਓਂ ਰੁੱਖ ਲਗਾਉਣ ਪਿੱਛੇ ਦਿਖਾਇਆ ਗਿਆ ਰੋਸ ਸਮੁੱਚੇ ਦ੍ਰਿਸ਼ ਨੂੰ ਸੰਵੇਦਨਸ਼ੀਲ ਕਰਨ ਵਾਲਾ ਸੀ ।



ਇਹ ਨੌਜਵਾਨ ਨਾ ਸਿਰਫ ਰੁੱਖ ਲਗਾ ਰਹੇ ਸਨ, ਸਗੋਂ ਉਨ੍ਹਾਂ ਨੇ ਇਹ ਵੀ ਸੁਨਿਸ਼ਚਿਤ ਕੀਤਾ ਸੀ ਕਿ ਲਗਾਏ ਗਏ ਰੁੱਖਾਂ ਦੀ ਸੰਭਾਲ ਵੀ ਹੋਵੇ। ਉਹ ਪਾਣੀ ਦੇ ਇੰਤਜ਼ਾਮ ਤੋਂ ਲੈ ਕੇ ਰੱਖ-ਰਖਾਅ ਤੱਕ ਦੀ ਪੂਰੀ ਯੋਜਨਾ ਨਾਲ ਆਏ ਸਨ। ਉਹ ਕੋਈ ਫੋਟੋ ਖਿੱਚ ਕੇ ਤੁਰ ਵਾਲੇ ਲੋਕ ਨਹੀਂ ਸਨ, ਬਲਕਿ ਉਹ ਨੌਜਵਾਨ ਮਨੁੱਖਤਾ ਅਤੇ ਧਰਤੀ ਮਾਂ ਪ੍ਰਤੀ ਆਪਣੇ ਫਰਜ਼ ਦਾ ਪਾਲਣ ਅਤੇ ਭਲਾਈ ਲਈ ਕੰਮ ਕਰ ਰਹੇ ਸਨ।

ਅਸੀਂ ਅਕਸਰ ਕਹਿੰਦੇ - ਸੁਣਦੇ ਹਾਂ - "ਰੁੱਖ ਲਗਾਓ, ਧਰਤੀ ਬਚਾਓ।"ਪਰ ਕੀ ਅਸੀਂ ਕਦੇ ਇਸਦੀ ਗੰਭੀਰਤਾ ਨੂੰ ਸਮਝਿਆ ਹੈ ? ਰੁੱਖ ਸਿਰਫ ਥਾਂ ਦੀ ਸੁੰਦਰਤਾ ਨਹੀਂ ਵਧਾਉਂਦੇ, ਇਹ ਸਾਡੀ ਜ਼ਿੰਦਗੀ ਦੀ ਨਸ-ਨਸ ਨਾਲ ਜੁੜੇ ਹੋਏ ਹਨ। ਉਹ ਆਕਸੀਜਨ ਦਿੰਦੇ ਹਨ, ਵਾਟਰ ਲੈਵਲ ਬਣਾਈ ਰੱਖਦੇ ਹਨ, ਮਿੱਟੀ ਦੇ ਕਟਾਅ ਨੂੰ ਰੋਕਦੇ ਹਨ ਅਤੇ ਤਾਪਮਾਨ ਨੂੰ ਨਿਯੰਤਰਤ ਕਰਦੇ ਹਨ।

ਜਦੋਂ ਵਾਤਾਵਰਣੀ ਖਤਰੇ ਵੱਧ ਰਹੇ ਹਨ, ਜਦੋਂ ਪ੍ਰਦੂਸ਼ਣ ਨਵੇਂ ਰਿਕਾਰਡ ਤੋੜ ਰਿਹਾ ਹੈ, ਤਦ ਇੱਕ ਰੁੱਖ ਲਗਾਉਣਾ ਵੀ ਇਕ ਇਨਕਲਾਬੀ ਕਦਮ ਹੈ। ਜੇਕਰ ਅਜਿਹੇ ਕਦਮਾਂ ਦਾ ਵੀ ਵਿਰੋਧ ਹੋਵੇ, ਤਾਂ ਇਹ ਸਮਾਜ ਅਤੇ ਸਾਡੇ ਸਭ ਦੇ ਲਈ ਚਿੰਤਾਜਨਕ ਹੈ। ਅਜਿਹੇ ਨੌਜਵਾਨ ਜੋ ਆਪਣਾ ਕੀਮਤੀ ਸਮਾਂ ਰੁੱਖ ਲਗਾਉਣ, ਉਨ੍ਹਾਂ ਦੀ ਸੰਭਾਲ ਕਰਨ, ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਵਿੱਚ ਲਗਾ ਰਹੇ ਹਨ, ਉਹ ਧਰਤੀ ਮਾਂ ਦੇ ਸੱਚੇ ਸੇਵਾਦਾਰ ਹਨ। ਉਨ੍ਹਾਂ ਦੀ ਕੋਸ਼ਿਸ਼ ਸਿਰਫ ਰੁੱਖ ਲਗਾਉਣ ਤੱਕ ਸੀਮਤ ਨਹੀਂ, ਸਗੋਂ ਇੱਕ ਹਰੇ-ਭਰੇ ਭਵਿੱਖ ਦੀ ਨੀਂਹ ਰੱਖਣ ਦੀ ਕੋਸ਼ਿਸ਼ ਹੈ।

ਇਹ ਜ਼ਰੂਰੀ ਹੈ ਕਿ ਅਸੀਂ ਅਜਿਹੇ ਉਪਰਾਲਿਆਂ ਦੀ ਹੌਸਲਾ ਅਫਜ਼ਾਈ ਕਰੀਏ ਨਾ ਕਿ ਉਨ੍ਹਾਂ ਨੂੰ ਰੋਕੀਏ। ਕਿਉਂਕਿ ਜੇ ਅਸੀਂ ਅੱਜ ਇੱਕ ਰੁੱਖ ਦੀ ਜੜ੍ਹ ਨਾ ਗੱਡੀ, ਤਾਂ ਕੱਲ੍ਹ ਦੀ ਹਵਾ ਵੀ ਸਾਫ ਨਹੀਂ ਹੋਣੀ ਅਤੇ ਸਾਡੀ ਆਪਣੀ ਜੜ੍ਹ ਡਾਵਾਂਡੋਲ ਹੋ ਜਾਵੇਗੀ।

ਇਸੇ ਸੰਦਰਭ ਵਿਚ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਵਾਤਾਵਰਣ ਸਬੰਧੀ ਚਲਾਈਆਂ ਜਾਣ ਵਾਲੀਆਂ ਮੁਹਿੰਮਾਂ ਨੂੰ ਸਵੀਕਾਰ ਕਰਨਾ ਅਤੇ ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਸਹਿਯੋਗ ਦੇਣਾ ਵੀ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਖਾਸਕਰ ਸ਼ਹਿਰੀ ਇਲਾਕਿਆਂ ਵਿੱਚ ਜ਼ਮੀਨ ਦੀ ਉਪਲਬਧਤਾ, ਪਾਣੀ ਦੇ ਸਰੋਤ, ਰੁੱਖਾਂ ਦੀ ਰੱਖਿਆ ਲਈ ਗਾਰਡ/ਫੈਂਸਿੰਗ ਅਤੇ ਲੋੜੀਂਦੇ ਸਾਧਨਾਂ ਦੀ ਉਪਲਬਧਤਾ - ਇਹ ਸਾਰੇ ਕਦਮ ਸਿਰਫ ਪ੍ਰਸ਼ਾਸਨ ਦੇ ਸਹਿਯੋਗ ਨਾਲ ਹੀ ਸੰਭਵ ਹਨ। ਇੰਨਾ ਹੀ ਨਹੀਂ, ਅਜਿਹੇ ਨੌਜਵਾਨਾਂ ਦਾ ਉਤਸਾਹ ਵਧਾਉਣ ਲਈ ਪੁਰਸਕਾਰ ਜਾਂ ਪਬਲਿਕ ਪਲੇਟਫਾਰਮ ਉੱਤੇ ਉਨ੍ਹਾਂ ਦੀ ਪ੍ਰਸ਼ੰਸਾ, ਹੋਰ ਨੌਜਵਾਨਾਂ ਨੂੰ ਵੀ ਅਜਿਹੇ ਨੇਕ ਕਾਰਜਾਂ ਲਈ ਉਤਸ਼ਾਹਿਤ ਕਰ ਸਕਦੀ ਹੈ। ਸਰਕਾਰ ਵੱਲੋਂ ਚਲਾਏ ਜਾਂਦੇ ÷ਵਨ ਮਹੋਤਸਵ÷ ਜਾਂ ÷ਹਰਿਆਵਲ÷ ਵਰਗੇ ਪ੍ਰੋਗਰਾਮਾਂ ਨੂੰ ਨਿੱਜੀ ਯਤਨਾਂ ਨਾਲ ਜੋੜ ਕੇ ਸਮਾਜਿਕ ਸਰੋਕਾਰ ਨੂੰ ਹਕੀਕਤ ਵਿਚ ਬਦਲਿਆ ਜਾ ਸਕਦਾ ਹੈ। ਸੋਸ਼ਲ ਮੀਡੀਆ ਤੇ ਸਾਹਮਣੇ ਆਈ ਅਤੇ ਇਕ ਨਾਮੀ ਸ਼ਹਿਰ ਵਿੱਚ ਵਾਪਰੀ ਇਸ ਘਟਨਾ ਦੇ ਸੰਦਰਭ ਵਿੱਚ ਇਹੋ ਕਿਹਾ ਜਾ ਸਕਦਾ ਹੈ ਕਿ ਰੁੱਖ ਲਗਾਉਣ ਦਾ ਵਿਰੋਧ ਕਰਨਾ, ਸਿਰਫ ਰੁੱਖਾਂ ਦਾ ਹੀ ਨਹੀਂ, ਸਗੋਂ ਆਪਣੇ ਭਵਿੱਖ ਦਾ ਵਿਰੋਧ ਕਰਨਾ ਹੈ। ਜੇ ਅਸੀਂ ਚੰਗਾ ਸਮਾਜ, ਸਾਫ ਹਵਾ ਅਤੇ ਹਰੀ-ਭਰੀ ਧਰਤੀ ਚਾਹੁੰਦੇ ਹਾਂ, ਤਾਂ ਅਜਿਹੇ ਨੌਜਵਾਨਾਂ ਦੀ ਪਿੱਠ ਥਾਪੜੀ ਜਾਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਵੀ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਕੋਸ਼ਿਸ਼ ਰੁਕਾਵਟਾਂ ਦੀ ਭੇਂਟ ਨਾ ਚੜ੍ਹੇ।

ਹਰਪ੍ਰੀਤ ਸਿੰਘ ਬਰਾੜ।
ਮੇਨ ਏਅਰਫੋਰਸ ਰੋਡ,ਬਠਿੰਡਾ।



**ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੇ ਦੋਹਾਂ ਪਾਸਿਆਂ ਨੂੰ ਸੰਵਾਦ ਦੀ ਅਪੀਲ ਕੀਤੀ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਸੰਯੁਕਤ ਰਾਸ਼ਟਰ ਦੀ ਭੂਮਿਕਾ ਲਗਭਗ ਨਕਾਰਾ ਹੋ ਚੁੱਕੀ ਹੈ। ਵੱਡੀਆਂ ਤਾਕਤਾਂ ਸੰਯੁਕਤ ਰਾਸ਼ਟਰ ਦੀ ਪਾਰਦਰਸ਼ਤਾ ਅਤੇ ਅਧਿਕਾਰਿਤਤਾ ਨੂੰ ਨਜ਼ਰਅੰਦਾਜ਼ ਕਰ ਰਹੀਆਂ ਹਨ।**

# ਤੀਸਰੇ ਵਿਸ਼ਵ ਯੁੱਧ ਦੇ ਮੁਹਾਨੇ 'ਤੇ ਖੜ੍ਹਾ ਸੰਸਾਰ

ਦੁਨੀਆਂ ਭਰ ਤੇ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਤਣਾਅ ਇੰਨੇ ਵੱਧ ਗਏ ਹਨ ਕਿ ਮਨੁੱਖਤਾ ਇੱਕ ਵਾਰ ਫਿਰ ਤੀਸਰੇ ਵਿਸ਼ਵ ਯੁੱਧ ਦੇ ਭਿਆਨਕ ਸੰਭਾਵਨਾ ਵੱਲ ਵਧ ਰਹੀ ਹੈ। ਪ੍ਰਮੁੱਖ ਅੰਤਰਰਾਸ਼ਟਰੀ ਤਾਕਤਾਂ ਜਿਨਾਂ ਵਿੱਚ ਕੁਝ ਪ੍ਰਮੁੱਖ ਹਨ ਅਮਰੀਕਾ, ਰੂਸ, ਚੀਨ ਅਤੇ ਨਾਟੋ ਦੇ ਦੇਸ਼ਾਂ ਦੇ ਆਪਸੀ ਮਨ ਮੁਟਾਵ ਅਤੇ ਟਕਰਾਵ ਕਾਰਨ ਆਪਸੀ ਸੰਬੰਧ ਟੁੱਟਣ ਦੇ ਕੰਢੇ ਪਹੁੰਚ ਚੁੱਕੇ ਹਨ।

**ਇਤਿਹਾਸਕ ਪਿਛੋਕੜ**

ਸੰਸਾਰ ਪਿਛਲੇ ਦੋ ਵਿਸ਼ਵ ਯੁੱਧਾਂ ਤੋਂ ਇਹ ਸਿੱਖ ਚੁੱਕਿਆ ਹੈ ਕਿ ਵਿਸ਼ਵ ਪੱਧਰ 'ਤੇ ਕਿਸੇ ਵੀ ਪ੍ਰਕਾਰ ਦੀ ਰਾਜਨੀਤਿਕ ਛੋਟੀ ਭੁੱਲ ਜਾਂ ਘਟਨਾ ਤੋਂ ਬਾਅਦ ਭਿਆਨਕ ਲੜਾਈ ਛਿੜ ਸਕਦੀ ਹੈ। ਇਤਿਹਾਸਿਕ ਤੱਥ ਦੱਸਦੇ ਹਨ ਕਿ ਸੰਨ 1914 ਨੂੰ ਸੇਰਾਜੇਵੋ ਵਿੱਚ ਗੇਵਰੀਲੋ ਪਰਿਨਸਿਪ (Gavrilo Princip) (ਇੱਕ ਸਰਬਿਆ ਨੈਸ਼ਨਲਿਸਟ ਗਰੁਪ ਦਾ ਆਦਮੀ) ਨੇ ਆਸਟ ?ਰੀਆ-ਹੰਗਰੀ ਦੇ ਰਾਜਕੁਮਾਰ ਆਰਚਡੂਕ ਫਰੈਂਜ਼ ਫਰਡੀਨੈਂਡ (Archduke Franz Ferdinand) ਦਾ ਕਤਲ ਕਰ ਦਿੱਤਾ ।ਇਸ ਲਈ ਆਸਟਰੀਆ ਅਤੇ ਹੰਗਰੀ ਦੇ ਮੰਤਰੀਆਂ ਅਤੇ ਜਰਨੈਲਾਂ ਨੇ ਆਸਟਰੀਆ ਅਤੇ ਹੰਗਰੀ ਦੇ ਰਾਜੇ ਨੂੰ ਸਰਬੀਆ ਉੱਤੇ ਹਮਲਾ ਕਰਨ ਲਈ ਪ੍ਰੇਰਿਤ ਕੀਤਾ। ਯੂਰਪ ਦੇ ਦੇਸ਼ਾਂ ਦੇ ਇੱਕ ਦੂਜੇ ਨਾਲ ਮਿਲਟਰੀ ਮਦਦ ਦੇ ਵਾਅਦੇ ਕੀਤੇ ਹੋਣ ਕਾਰਨ ਇਸ ਘਟਨਾ ਕਾਰਣ ਪੂਰਾ ਯੂਰਪ ਜਲਦੀ ਹੀ ਲੜਾਈ ਵਿੱਚ ਕੁੱਦ ਗਿਆ ਅਤੇ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਯੂਰਪ ਦੇ ਦੇਸ਼ਾਂ ਦੇ ਬਾਕੀ ਹੋਰ ਮਹਾਂਦੀਪਾਂ ਵਿੱਚ ਫੈਲੇ ਹੋਣ ਕਾਰਨ ਇਹ ਪੂਰੀ ਦੁਨੀਆਂ ਵਿੱਚ ਫੈਲ ਗਿਆ। ਜਦਕਿ ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਹਿਟਲਰ ਦੀ ਵਿਸ਼ਵ ਜਿੱਤਣ ਦੀ ਖ਼ਾਹਿਸ਼ ਤੋਂ ਹੋਈ। ਹੁਣ ਤੀਸਰਾ ਯੁੱਧ ਕਿਸੇ ਇੱਕ ਦੇਸ਼ ਦੀ ਲਾਲਚ ਜਾਂ ਹਮਲੇ ਤੋਂ ਨਹੀਂ, ਬਲਕਿ ਵੱਖ-ਵੱਖ ਟਕਰਾਅ ਦੇ ਮਿਲਦੇ-ਜੁਲਦੇ ਧਮਾਕੇ ਤੋਂ ਹੋ ਸਕਦਾ ਹੈ।

**ਰੂਸ-ਨਾਟੋ ਟਕਰਾਅ ਨੇ ਖਤਰਾ ਹੋਰ ਵਧਾਇਆ**

ਯੂਕਰੇਨ ਦੇ ਮਾਮਲੇ ਨੂੰ ਲੈ ਕੇ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੀ ਰੂਸ ਅਤੇ ਨਾਟੋ ਵਿਚਕਾਰ ਟਕਰਾਅ ਹੁਣ ਲੜਾਈ ਦੀ ਹੱਦ ਤੱਕ ਪਹੁੰਚ ਚੁੱਕਾ ਹੈ। ਰੂਸ ਨੇ ਬਾਲਟਿਕ ਖੇਤਰ ਵਿੱਚ ਆਪਣੀ ਫੌਜੀ ਮੌਜੂਦਗੀ ਨਾਟੋ ਦੀਆਂ ਹੱਦਾਂ ਤੱਕ ਵਧਾ ਦਿੱਤੀ ਹੈ। ਨਾਟੋ ਨੇ ਵੀ ਲਾਟਵੀਆ, ਲਿਥੂਆਨੀਆ ਅਤੇ ਪੋਲੈਂਡ ਵਿੱਚ ਵੱਡੀ ਗਿਣਤੀ ਵਿੱਚ ਫੌਜੀ ਟਰਾਸਫਰ ਕੀਤੇ ਹਨ। ਦੋਹਾਂ ਪਾਸਿਆਂ ਨੇ ਆਪਣੇ ਅਣਮਿਟੇ ਹਥਿਆਰਾਂ ਨੂੰ ਅਲਰਟ 'ਤੇ ਰੱਖਿਆ ਹੋਇਆ ਹੈ।

**ਚੀਨ-ਤਾਈਵਾਨ ਮਾਮਲਾ ਹੋਇਆ ਹੋਰ ਭੜਕਾਊ**

ਚੀਨ ਨੇ ਤਾਈਵਾਨ ਦੇ ਨੇੜੇ ਰਿਕਾਰਡ ਤਾਦਾਦ 'ਚ ਲੜਾਕੂ ਜਹਾਜ਼ਾਂ ਅਤੇ ਜਹਾਜ਼ਾਂ ਦੀ ਤਾਇਨਾਤੀ ਕਰ ਦਿੱਤੀ ਹੈ। ਅਮਰੀਕਾ ਨੇ ਤਾਈਵਾਨ ਨੂੰ ਰੱਖਿਆ ਸਮੱਗਰੀ ਦੇਣ ਦਾ ਐਲਾਨ ਕਰਕੇ ਚੀਨ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਹੈ। ਦੋਵਾਂ ਪਾਸਿਆਂ ਨੇ ਹਮਲਾਵਰ ਭਾਸ਼ਾ ਅਤੇ ਫੌਜੀ ਤਿਆਰੀਆਂ ਨਾਲ ਇਲਾਕਾਈ ਸਥਿਰਤਾ ਨੂੰ ਝੰਜੋੜ ਦਿੱਤਾ ਹੈ।

ਨਿਊਜਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

**ਮੱਧ ਪੂਰਬ 'ਚ ਵੀ ਤਣਾਅ**

ਇਸਰਾਈਲ ਅਤੇ ਇਰਾਨ ਵਿਚਕਾਰ ਪਿਛਲੇ ਕੁਝ ਮਹੀਨਿਆਂ ਤੋਂ ਜਾਰੀ ਲੜਾਈ ਨੇ ਮੱਧ ਪੂਰਬ ਨੂੰ ਅਣ ਐਲਾਨੀ ਧਿਰ ਬਣਾਇਆ ਹੋਇਆ ਹੈ। ਅਮਰੀਕਾ ਅਤੇ ਯੂਰਪੀ ਦੇਸ਼ ਇਸ ਲੜਾਈ ਵਿੱਚ ਹਿੱਸਾ ਲੈਣ ਲਈ ਪੂਰੀ ਤਰ੍ਹਾਂ ਸਰਗਰਮ ਹਨ।। ਇਰਾਨ ਨੇ ਪੱਛਮੀ ਦੇਸ਼ਾਂ ਨੂੰ ਖੁੱਲ੍ਹੀ ਚੇਤਾਵਨੀ ਦਿੱਤੀ ਹੈ ਕਿ ਕਿਸੇ ਵੱਲੋਂ ਕਿਸੇ ਵੀ ਪ੍ਰਕਾਰ ਦੀ ਦਖਲਅੰਦਾਜ਼ੀ "ਵਿਆਪਕ ਯੁੱਧ"'ਚ ਬਦਲ ਸਕਦੀ ਹੈ।

**ਸੰਯੁਕਤ ਰਾਸ਼ਟਰ ਦੀ ਚੁੱਪੀ ਤੇ ਅਸਹਾਇਤਾ**

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੇ ਦੋਹਾਂ ਪਾਸਿਆਂ ਨੂੰ ਸੰਵਾਦ ਦੀ ਅਪੀਲ ਕੀਤੀ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਸੰਯੁਕਤ ਰਾਸ਼ਟਰ ਦੀ ਭੂਮਿਕਾ ਲਗਭਗ ਨਕਾਰਾ ਹੋ ਚੁੱਕੀ ਹੈ। ਵੱਡੀਆਂ ਤਾਕਤਾਂ ਸੰਯੁਕਤ ਰਾਸ਼ਟਰ ਦੀ ਪਾਰਦਰਸ਼ਤਾ ਅਤੇ ਅਧਿਕਾਰਿਤਤਾ ਨੂੰ ਨਜ਼ਰਅੰਦਾਜ਼ ਕਰ ਰਹੀਆਂ ਹਨ।

**ਤਜਵੀਜ਼ਕਾਰਾਂ ਦੀ ਚੇਤਾਵਨੀ**

ਵਿਸ਼ਵ ਭਰ ਦੇ ਰਣਨੀਤਿਕ ਅਤੇ ਰੱਖਿਆ ਵਿਸ਼ਲੇਸ਼ਕ ਕਹਿ ਰਹੇ ਹਨ ਕਿ ਜੇਕਰ ਇਨ੍ਹਾਂ ਟਕਰਾਵਾਂ ਨੂੰ ਨਾ ਰੋਕਿਆ ਗਿਆ ਤਾਂ ਆਉਣ ਵਾਲੇ ਕੁਝ ਮਹੀਨੇ ਮਨੁੱਖਤਾ ਲਈ ਘਾਤਕ ਹੋ ਸਕਦੇ ਹਨ। ਤੀਸਰਾ ਵਿਸ਼ਵ ਯੁੱਧ ਨਾ ਸਿਰਫ਼ ਲੱਖਾਂ ਜੀਵਾਂ ਦੀ ਮੌਤ ਦਾ ਕਾਰਨ ਬਣੇਗਾ

**ਆਮ ਲੋਕਾਂ ਦੀ ਚਿੰਤਾ**

ਆਮ ਲੋਕਾਂ 'ਚ ਡਰ ਦਾ ਮਾਹੌਲ ਬਣ ਚੁੱਕਾ ਹੈ। ਦੁਨੀਆਂ ਦੇ ਵੱਖ-ਵੱਖ ਸ਼ਹਿਰਾਂ 'ਚ ਯੁੱਧ ਵਿਰੋਧੀ ਰੈਲੀਆਂ ਅਤੇ ਸ਼ਾਂਤੀ ਦੀ ਅਪੀਲਾਂ ਹੋ ਰਹੀਆਂ ਹਨ। ਲੋਕਾਂ ਨੂੰ ਡਰ ਹੈ ਕਿ ਆਧੁਨਿਕ ਹਥਿਆਰਾਂ ਅਤੇ ਪਰਮਾਣੂ ਬੰਬਾਂ ਦੇ ਇਸ ਯੁੱਗ 'ਚ ਕੋਈ ਵੀ ਯੁੱਧ ਮਨੁੱਖਤਾ ਲਈ ਅਖੀਰਲਾ ਸਾਬਤ ਹੋ ਸਕਦਾ ਹੈ।

**ਤੀਸਰਾ ਯੁੱਧ ਹੋਰ ਖ਼ਤਰਨਾਕ ਕਿਉਂ ਹੋਵੇਗਾ ?**

**ਪਰਮਾਣੂ ਹਥਿਆਰ:**

ਅਮਰੀਕਾ, ਰੂਸ, ਚੀਨ, ਫਰਾਂਸ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਕੋਲ ਹਜ਼ਾਰਾਂ ਪਰਮਾਣੂ ਹਥਿਆਰ ਹਨ। ਇੱਕ ਵਾਰ ਇਹ ਹਥਿਆਰ ਵਰਤੇ ਗਏ ਤਾਂ ਅਣਗਿਣਤ ਨਿਰਦੋਸ਼ ਲੋਕਾਂ ਦੀ ਮੌਤ ਹੋਵੇਗੀ।

**ਕੈਮੀਕਲ ਤੇ ਬਾਇਲੋਜਿਕਲ ਹਥਿਆਰ:**

ਇਤਿਹਾਸ ਦੱਸਦਾ ਹੈ ਕਿ ਜੰਗ ਦੌਰਾਨ ਕੈਮੀਕਲ ਹਥਿਆਰ ਵੀ ਵਰਤੇ ਜਾਂਦੇ ਹਨ ਜੋ ਕਿ ਸਿੱਧਾ ਆਮ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ।

**ਸਾਈਬਰ ਯੁੱਧ:**

ਅਜੋਕੇ ਸਮੇਂ ਦੀ ਜੰਗ ਸਿਰਫ਼ ਬੰਬਾਂ ਜਾਂ ਗੋਲੀਆਂ ਨਾਲ ਨਹੀਂ, ਸਾਈਬਰ ਹਮਲਿਆਂ ਨਾਲ ਵੀ ਲੜੀ ਜਾਂਦੀ ਹੈ। ਪੂਰੇ ਦੇਸ਼ ਦੇ ਇਨਫਰਾਸਟਰਕਚਰ, ਬਿਜਲੀ, ਪਾਣੀ, ਹਸਪਤਾਲ ਅਤੇ ਬੈਂਕਿੰਗ ਪ੍ਰਣਾਲੀਆਂ ਦਾ ਕਾਰਜ ਠੱਪ ਕਰਕੇ ਉਸ ਦੇਸ਼ ਨੂੰ ਆਰਥਿਕ ਮੰਦਹਾਲੀ ਨਾਲ ਹਰਾਇਆ ਜਾ ਸਕਦਾ ਹੈ।

**ਭਾਰਤ ਦੀ ਸਥਿਤੀ**

ਭਾਰਤ ਲਈ ਸਥਿਤੀ ਵਧੇਰੇ ਸੰਵੇਦਨਸ਼ੀਲ ਹੈ। ਇੱਕ ਪਾਸੇ ਚੀਨ ਹੈ ਜੋ ਅਰੁਣਾਚਲ ਪ੍ਰਦੇਸ਼ ਦੇ ਹਮੇਸ਼ਾ ਆਪਣਾ ਹੱਕ ਜਤਾਉਂਦਾ ਹੈ ਦੂਜੇ ਪਾਸੇ ਪਾਕਿਸਤਾਨ ? ਹੈ ਅਤੇ ਉਸ ਕੋਲ ਵੀ ਪਰਮਾਣੂ ਹਥਿਆਰ ਹਨ। ਭਾਰਤ ਨੇ ਹਮੇਸ਼ਾ ਸ਼ਾਂਤੀ ਦੀ ਪੱਖਦਾਰੀ ਕੀਤੀ ਹੈ ਪਰ ਯੁੱਧ ਦੀ ਅੱਗ ਲੱਗੀ ਤਾਂ ਦੱਖਣੀ ਏਸ਼ੀਆ ਵੀ ਇਸ ਦੇ ਹਵਾਲੇ ਤੋਂ ਬਚ ਨਹੀਂ ਸਕੇਗਾ।

**ਆਰਥਿਕ ਪ੍ਰਭਾਵ** ਇਸ ਤਣਾਅ ਦਾ ਆਰਥਿਕ ਮਾਰਕਿਟ 'ਤੇ ਵੀ ਗੰਭੀਰ ਅਸਰ ਪੈ ਰਿਹਾ ਹੈ। ਤੇਲ ਦੀਆਂ ਕੀਮਤਾਂ ਆਸਮਾਨ ਛੂ ਰਹੀਆਂ ਹਨ। ਵਿਸ਼ਵ ਪੱਧਰ 'ਤੇ ਸਟਾਕ ਮਾਰਕਿਟ ਜੰਗ ਦੇ ਮਾਰੂ ਕਾਰਨ ਟੁੱਟਣ ਕਿਨਾਰੇ ਹਨ। ਆਮ ਆਦਮੀ ਲਈ ਖਾਣ-ਪੀਣ ਦੀਆਂ ਵਸਤਾਂ ਤੋਂ ਲੈ ਕੇ ਰੋਜ਼ਾਨਾ ਦੀਆਂ ਜਰੂਰਤਾਂ ਤੱਕ ਮਹਿੰਗੀਆਂ ਹੋਣ ਦੀ ਪੂਰੀ ਸੰਭਾਵਨਾ ਬਣੀ ਹੋਈ ਹੈ। ਤੀਸਰਾ ਵਿਸ਼ਵ ਯੁੱਧ ਸੰਸਾਰ ਵਿੱਚ ਵਧ ਰਹੇ ਰਾਜਨੀਤਕ ਤਣਾਅ ਅਤੇ ਸੈਨਾ ਦੀ ਦੌੜ ਕਾਰਨ ਸੰਭਾਵਿਤ ਦਿਖਾਈ ਦੇ ਰਿਹਾ ਹੈ।ਪਰਮਾਣੂ ਹਥਿਆਰਾਂ ਅਤੇ ਆਧੁਨਿਕ ਤਕਨੀਕਾਂ ਨੇ ਇਸ ਯੁੱਧ ਦੇ ਨਤੀਜਿਆਂ ਨੂੰ ਹੋਰ ਖ਼ਤਰਨਾਕ ਬਣਾ ਦਿੱਤਾ ਹੈ। ਰੂਸ, ਅਮਰੀਕਾ, ਚੀਨ ਅਤੇ ਯੂਰਪੀ ਦੇਸ਼ਾਂ ਵਿਚਕਾਰ ਰਣਨੀਤਕ ਖੇਤਰਾਂ 'ਚ ਟਕਰਾਅ ਵਧ ਰਿਹਾ ਹੈ।ਆਮ ਲੋਕਾਂ ਅਤੇ ਆਰਥਿਕਤਾ 'ਤੇ ਇਸ ਯੁੱਧ ਦੇ ਭਿਆਨਕ ਪ੍ਰਭਾਵ ਹੋਣਗੇ।ਸੰਸਾਰ ਨੂੰ ਤੀਸਰੇ ਵਿਸ਼ਵ ਯੁੱਧ ਦੀ ਥਾਂ ਸੰਵਾਦ ਅਤੇ ਸ਼ਾਂਤੀ ਨਾਲ ਅੱਗੇ ਵਧਣ ਦੀ ਲੋੜ ਹੈ।





# ਖੇਤੀ ਸੈਕਟਰ

## ਕਿਸਾਨੀ ਖ਼ੁਦਕੁਸ਼ੀਆਂ ਅਤੇ ਆਮਦਨ 'ਚ ਵਾਧੇ ਦੇ ਦਾਅਵਿਆਂ ਦੀ ਅਸਲੀਅਤ

ਮਦਰ ਇੰਡੀਆ ਫ਼ਿਲਮ ਤਾਂ, ਮੈਨੂੰ ਲੱਗਦਾ ਹਰ ਕਿਸੇ ਨੇ ਵੇਖੀ ਹੀ ਹੋਣੀ ਹੈ। ਇਹ ਫ਼ਿਲਮ 1957 ਦੇ ਵਿੱਚ ਆਈ ਸੀ। ਇਸ ਫ਼ਿਲਮ ਦੇ ਵਿੱਚ ਜੋ ਕੁੱਝ ਵਿਖਾਇਆ ਗਿਆ ਸੀ, ਉਹ ਉਸ ਸਮੇਂ ਦੀ ਸਰਕਾਰ ਦੁਆਰਾ ਕੀਤੇ ਜਾ ਰਹੇ ਜ਼ੁਲਮਾਂ ਦਾ ਇੱਕ ਸੀਨ ਸੀ। ਫ਼ਿਲਮ ਕਰੀਬ ਢਾਈ ਘੰਟਿਆਂ ਦੀ ਸੀ। ਭਾਵੇਂ ਕਿ ਮਦਰ ਇੰਡੀਆ ਫ਼ਿਲਮ ਬਣੀ ਨੂੰ, ਅੱਜ ਕਰੀਬ 70 ਵਰ੍ਹੇ ਹੋ ਚੁੱਕੇ ਹਨ, ਪਰ ਫਿਰ ਵੀ ਜੋ ਕੁੱਝ ਉਸ ਫ਼ਿਲਮ ਦੇ ਵਿੱਚ ਵਿਖਾਇਆ ਗਿਆ ਸੀ, ਉਸ ਤੋਂ ਵੀ ਮਾੜੀ ਹਾਲਤ ਇਸ ਵੇਲੇ ਦੇਸ਼ ਦੇ ਹਲ ਵਾਹੁਣ ਵਾਲੇ, ਅਸਲ ਕਿਸਾਨਾਂ ਦੀ ਹੋ ਚੁੱਕੀ ਹੈ।

ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਅਤੇ ਦਾਅਵਾ ਕਰਨ ਵਾਲੀ ਸਰਕਾਰ ਆਪਣੇ ਵਾਅਦੇ ਤੋਂ ਭਟਕਦੀ ਨਜ਼ਰ ਆ ਰਹੀ ਹੈ। 2022 ਤੱਕ ਇਸ ਸਰਕਾਰ ਨੇ ਦੇਸ਼ ਭਰ ਦੇ ਸਾਰੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਭਾਜਪਾ ਸਰਕਾਰ ਦੇ ਵੱਲੋਂ 2014 ਅਤੇ 2019 ਦੀਆਂ ਚੋਣਾਂ ਵਿੱਚ ਵੀ ਕੀਤਾ ਗਿਆ, ਪਰ ਉਦੋਂ ਤੋਂ ਲੈ ਕੇ ਹੁਣ ਤੱਕ ਕਿਸਾਨਾਂ ਦੀ ਆਮਦਨ ਤਾਂ ਦੁੱਗਣੀ ਨਹੀਂ ਹੋਈ, ਪਰ ਮਮੂਲੀ ਜਿਹੇ ਕਰਜ਼ੇ ਕਾਰਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ ਜ਼ਰੂਰ ਦੁੱਗਣੀ ਹੋਈ ਹੈ।

ਬੇਸ਼ੱਕ ਸਮੇਂ ਦੀਆਂ ਸਰਕਾਰਾਂ ਦੇ ਵੱਲੋਂ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਦੇ ਦਾਅਵੇ ਅਤੇ ਵਾਅਦੇ ਕੀਤੇ ਜਾਂਦੇ ਨੇ, ਪਰ ਇਹ ਦਾਅਵੇ ਅਤੇ ਵਾਅਦੇ ਕੁੱਝ ਕੁ ਕਿਸਾਨਾਂ 'ਤੇ ਲਾਗੂ ਹੀ ਹੁੰਦੇ ਨੇ। ਧਨਾਢ ਜਿੰਮੀਦਾਰ ਹੀ ਇਸ ਦਾ ਫ਼ਾਇਦਾ ਲੈ ਲੈਂਦੇ ਨੇ, ਜਦੋਂ ਕਿ ਛੋਟੇ ਕਿਸਾਨ ਸਰਕਾਰਾਂ ਦੀਆਂ ਇਹਨਾਂ ਸਕੀਮਾਂ ਤੋਂ ਵਾਂਝੇ ਰਹਿ ਜਾਂਦੇ ਨੇ। ਗੱਲ ਇੱਥੇ ਨਹੀਂ ਮੁੱਕਦੀ, ਜਿਹੜੀ ਵੀ ਸਰਕਾਰ ਹੁਣ ਤੱਕ ਸੱਤਾ ਦੇ ਵਿੱਚ ਆਈ ਹੈ, ਉਸ ਦੇ ਵੱਲੋਂ ਖੇਤੀ ਨੂੰ ਇੱਕ ਤਰੀਕੇ ਦਾ ÷ਆਪਣਾ÷ ਬਿਜ਼ਨਸ ਬਣਾ ਕੇ ਰੱਖ ਦਿੱਤਾ ਹੈ, ਜਿਸ ਦਾ ਮਾਲਕ ਤਾਂ ਕਿਸਾਨ ਹੈ, ਪਰ ਇਸਦਾ ਸਭ ਤੋਂ ਵੱਡਾ ਫ਼ਾਇਦਾ ਕਾਰਪੋਰੇਟ ਘਰਾਣਿਆਂ ਨੂੰ ਹੀ ਪਹੁੰਚਾਇਆ ਜਾਂਦਾ ਹੈ।

ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਕਿਸਾਨਾਂ ਦੇ ਵੱਲੋਂ ਦਿੱਲੀ ਦੀਆਂ ਬਰੂੰਹਾਂ 'ਤੇ ਜਿਹੜੀ ਲੜਾਈ ਲੜੀ ਗਈ ਸੀ, ਉਸ ਲੜਾਈ ਨੇ ਬੇਸ਼ੱਕ ਹਾਕਮ ਨੂੰ ਝੁਕਾ ਕੇ ਰੱਖ ਦਿੱਤਾ, ਪਰ ਉਸ ਲੜਾਈ ਨੇ ਕੇਂਦਰ ਦੇ ਨਾਲ ਇੱਕ ਨਵਾਂ ਪੇਚ ਕਿਸਾਨਾਂ ਦਾ ਫਸਾ ਦਿੱਤਾ। ਸਮੇਂ-ਸਮੇਂ 'ਤੇ ਸਰਕਾਰਾਂ ਦੇ ਵੱਲੋਂ ਕਿਸਾਨਾਂ 'ਤੇ ਵੱਖੋ-ਵੱਖਰੇ ਤਰੀਕਿਆਂ ਦੇ ਨਾਲ ਜ਼ੁਲਮ ਢਾਏ ਜਾ ਰਹੇ ਹਨ। ਕਿਤੇ ਤਾਂ ਨਵੇਂ ਖੇਤੀ ਖਰੜੇ ਰਾਹੀਂ ਕਿਸਾਨਾਂ ਨੂੰ ਲਤਾੜਿਆ ਜਾ ਰਿਹਾ ਹੈ ਅਤੇ ਕਿਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਲੈਂਡ ਪੂਲਿੰਗ ਪਾਲਿਸੀ ਵਰਗੀਆਂ ਨੀਤੀਆਂ ਲਿਆਈਆਂ ਜਾ ਰਹੀਆਂ ਹਨ। ਭਾਵੇਂ ਕਿ ਕਈ ਕਿਸਾਨ, ਜਿਨਾਂ ਨੂੰ ਅਸੀਂ ਵੱਡੇ ਜ਼ਿਮੀਂਦਾਰ ਕਹਿੰਦੇ ਹਾਂ, ਉਹ ਇਸ ਦੇ ਵਿੱਚ ਹਾਮੀ ਸਰਕਾਰ ਪੱਖੀ ਭਰਦੇ ਹੋਣਗੇ, ਪਰ ਅਸਲੀਅਤ ਇਹੋ ਹੈ ਕਿ, ਇਸ ਦਾ ਨੁਕਸਾਨ ਛੋਟੇ ਜ਼ਿਮੀਂਦਾਰ ਜਾਂ ਫਿਰ ਕਹਿ ਲਓ ਛੋਟੇ ਕਿਸਾਨ ਨੂੰ ਹੀ ਹੁੰਦਾ ਹੈ।

ਮਹਾਰਾਸ਼ਟਰ ਤੋਂ ਪਿਛਲੇ ਦਿਨੀਂ ਇੱਕ ਤਸਵੀਰ ਸਾਹਮਣੇ ਆਈ ਸੀ, ਜਿਸ ਵਿੱਚ ਕਿਸਾਨ ਮਦਰ ਇੰਡੀਆ ਫ਼ਿਲਮ ਵਿੱਚ ਜਿਸ ਤਰੀਕੇ ਦੇ ਨਾਲ ਅਦਾਕਾਰਾ ਦੇ ਵੱਲੋਂ ਮੋਢੇ ਤੇ ਹਲ ਰੱਖ ਕੇ ਜ਼ਮੀਨ ਵਾਹੀ ਜਾ ਰਹੀ ਸੀ, ਬਿਲਕੁਲ ਉਸੇ ਤਰ੍ਹਾਂ ਹੀ ਮਹਾਰਾਸ਼ਟਰ ਦੇ ਕਿਸਾਨ ਦੇ ਵੱਲੋਂ ਖ਼ੁਦ ਬਲਦ ਬਣ ਕੇ ਜ਼ਮੀਨ ਵਹਾਉਂਦਿਆਂ ਦੀ ਇੱਕ ਵੀਡੀਓ ਵਾਇਰਲ ਹੋਈ ਸੀ। ਉਸ ਵੀਡੀਓ ਨੇ ਸਾਨੂੰ ਸਭ ਨੂੰ ਝੰਜੋੜ ਕੇ ਰੱਖ ਦਿੱਤਾ। ਮੇਰੇ ਵਰਗੇ ਹੋਰ ਕਈ ਪੱਤਰਕਾਰ ਹੋਣਗੇ, ਜਿਨਾਂ ਨੇ ਉਹ ਵੀਡੀਓ ਵੇਖੀਆਂ ਅਤੇ ਸੁਰਖ਼ੀਆਂ ਵੀ ਬਟੋਰੀਆਂ, ਆਪੋ ਆਪਣੇ ਸੋਸ਼ਲ ਮੀਡੀਆ ਅਕਾਊਂਟ ਤੇ ਉਕਤ ਵੀਡੀਓ ਨੂੰ ਸਾਂਝਾ ਵੀ ਕੀਤਾ ਗਿਆ। ਖ਼ੈਰ ਜਿਵੇਂ ਹੀ ਇਹ ਵੀਡੀਓ ਸੋਸ਼ਲ ਮੀਡੀਆ ਤੇ ਤੇਜ਼ੀ ਦੇ ਨਾਲ ਵਾਇਰਲ ਹੋਇਆ ਤਾਂ, ਉੱਘੇ ਸਮਾਜ ਸੇਵੀ ਅਤੇ ਫ਼ਿਲਮ ਐਕਟਰ ਸੋਨੂੰ ਸੂਦ ਤੱਕ ਪੁੱਜੀ ਸੋਨੂੰ ਸੂਦ ਮਦਦ ਲਈ ਅੱਗੇ ਆਏ ਤੇ ਵਾਅਦਾ ਕਰਤਾ ਕਿ ਮੈਂ ਇਸ ਕਿਸਾਨ ਨੂੰ ਬਲਦ ਲੈ ਕੇ ਦਿਆਂਗਾ ਅਤੇ ਕੁੱਝ ਮੁਆਵਜ਼ਾ ਦੇਣ ਦਾ ਵੀ ਐਲਾਨ ਕਰਤਾ, ਹਾਲਾਂਕਿ ਸੋਨੂੰ ਸੂਦ ਨੇ ਤਾਂ ਐਲਾਨ ਕਰਤਾ, ਪਰ ਸਰਕਾਰ ਸੁੱਤੀ ਰਹੀ।

ਦਰਅਸਲ, ਮਹਾਰਾਸ਼ਟਰ ਦੇ ਲਾਤੂਰ ਜ਼ਿਲ੍ਹੇ ਦੇ ਹਦੋਲਤੀ ਪਿੰਡ ਤੋਂ 76 ਸਾਲਾ ਕਿਸਾਨ ਅੰਬਦਾਸ ਪਵਾਰ ਅਤੇ ਉਨ੍ਹਾਂ ਦੀ 73 ਸਾਲਾ ਪਤਨੀ ਦਾ ਇੱਕ ਵੀਡੀਓ ਸਾਹਮਣੇ ਆਇਆ। ਇਸ ਵੀਡੀਓ ਵਿੱਚ ਕਿਸਾਨ ਜੋੜਾ ਬਲਦ ਦੀ ਬਜਾਏ ਖ਼ੁਦ ਹਲ ਖਿੱਚ ਕੇ ਖੇਤ ਵਾਹੁੰਦਾ ਦਿਖਾਈ ਦੇ ਰਿਹਾ ਹੈ। ਕਿਸਾਨ ਅੰਬਦਾਸ ਪਵਾਰ ਕੋਲ ਬਲਦ ਖ਼ਰੀਦਣ ਲਈ ਪੈਸੇ ਨਹੀਂ ਹਨ ਅਤੇ ਉਹ ਪਿਛਲੇ 10 ਸਾਲਾਂ ਤੋਂ ਇਸ ਤਰ੍ਹਾਂ ਖੇਤੀ ਕਰ ਰਿਹਾ ਹੈ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਹਲਚਲ ਮੱਚ ਗਈ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਨੇ ਕਿਸਾਨਾਂ ਦੀ ਹਾਲਤ ਨੂੰ ਲੈ ਕੇ ਵਿਧਾਨ ਸਭਾ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਖੇਤੀਬਾੜੀ ਮੰਤਰੀ ਮਾਨਿਕਰਾਓ ਕੋਟਾਕੇ ਅਤੇ ਸਹਿਕਾਰਤਾ ਮੰਤਰੀ ਬਾਬਾਸਾਹਿਬ ਪਾਟਿਲ ਨੇ ਕਿਸਾਨ ਨਾਲ ਫ਼ੋਨ 'ਤੇ ਗੱਲ ਕੀਤੀ ਅਤੇ ਮਦਦ ਦਾ ਭਰੋਸਾ ਦਿੱਤਾ।

ਇੱਕ ਰਿਪੋਰਟ ਦੇ ਅਨੁਸਾਰ, ਲਾਤੂਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੰਬਦਾਸ ਪਵਾਰ ਨੂੰ ?8400 ਅਤੇ ਮੁਕਤਾਬਾਈ ਪਵਾਰ ਨੂੰ ?8700 ਦੀ ਗਰਾਂਟ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮਾਂ ਕਰਵਾ ਦਿੱਤੀ ਗਈ ਹੈ। ਖੇਤੀਬਾੜੀ ਵਿਭਾਗ ਵੱਲੋਂ ਕਿਸਾਨ ਨੂੰ ਬੀਜ ਅਤੇ ਖਾਦ ਵੀ ਦਿੱਤੀ ਗਈ ਹੈ। ਇਸ ਦੌਰਾਨ, ਮਹਾਰਾਸ਼ਟਰ ਸਰਕਾਰ ਦੇ ਰਾਹਤ ਅਤੇ ਮੁੜ ਵਸੇਬਾ ਮੰਤਰੀ, ਮਕਰੰਦ ਪਾਟਿਲ ਨੇ ਕਿਹਾ ਕਿ ਜਨਵਰੀ 2025 ਤੋਂ ਮਾਰਚ 2025 ਦੇ ਵਿਚਕਾਰ, ਰਾਜ ਵਿੱਚ ਕਿਸਾਨ ਖ਼ੁਦਕੁਸ਼ੀਆਂ ਦੇ 767 ਮਾਮਲੇ ਸਾਹਮਣੇ ਆਏ ਹਨ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ, ਰਾਹੁਲ ਗਾਂਧੀ ਨੇ ਇਨ੍ਹਾਂ ਅੰਕੜਿਆਂ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ, ÷ਕਲਪਨਾ ਕਰੋ, ਸਿਰਫ਼ ਤਿੰਨ ਮਹੀਨਿਆਂ ਵਿੱਚ, ਮਹਾਰਾਸ਼ਟਰ ਵਿੱਚ 767 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ, ਕੀ ਇਹ ਸਿਰਫ਼ ਇੱਕ ਅੰਕੜਾ ਹੈ? ਨਹੀਂ, ਇਹ 767 ਬਰਬਾਦ ਹੋਏ ਘਰ ਹਨ। 767 ਪਰਿਵਾਰ ਜੋ ਕਦੇ ਵੀ ਠੀਕ ਨਹੀਂ ਹੋ ਸਕਣਗੇ ਅਤੇ ਸਰਕਾਰ ਚੁੱਪ ਹੈ। ਰਾਹੁਲ ਅੱਗੇ ਕਹਿੰਦੇ ਨੇ ਕਿ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਉਹ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣਗੇ। ਅੱਜ ਸਥਿਤੀ ਅਜਿਹੀ ਹੈ ਕਿ ਅੰਨਦਾਤਾ ਦੀ ਜ਼ਿੰਦਗੀ ਭੋਏਂ ਦੇ ਭਾਅ ਜਾ ਰਹੀ ਹੈ। ਇਹ ਸਿਸਟਮ ਲਗਾਤਾਰ ਕਿਸਾਨਾਂ ਨੂੰ ਚੁੱਪ-ਚਾਪ ਮਾਰ ਰਿਹਾ ਹੈ ਅਤੇ ਸਰਕਾਰ ਤਮਾਸ਼ਾ ਦੇਖ ਰਹੀ ਹੈ।

ਹੁਣ ਤੱਕ ਕਿਸਾਨਾਂ ਦੀ ਆਮਦਨ ਤਾਂ ਦੁੱਗਣੀ ਨਹੀਂ ਹੋਈ, ਪਰ ਇਸ ਦੇ ਨਤੀਜੇ ਦੂਜੇ ਪਾਸੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਵੇਖ ਕੇ ਇੰਝ ਲੱਗਦਾ ਹੈ ਕਿ, ਸਰਕਾਰ ਖ਼ੁਦਕੁਸ਼ੀਆਂ ਦੀ ਅੰਕੜਿਆਂ ਵੱਲ ਵੇਖ ਕੇ ਹੀ ਆਪਣੇ ਵਾਅਦੇ ਨੂੰ ਪੂਰਾ ਕਰੇਗੀ, ਜਦੋਂ ਦੇਸ਼ ਦੇ ਚੰਦ ਕੁ ਕਿਸਾਨ ਹੀ ਰਹਿ ਗਏ ਇਸ ਧਰਤੀ ਉੱਤੇ, ਉਦੋਂ ਹੀ ਇਹਨਾਂ ਸਰਕਾਰਾਂ ਨੂੰ ਚੇਤਾ ਆਵੇਗਾ ਕਿਸਾਨਾਂ ਦਾ।

ਵੈਸੇ ਕਿਸਾਨਾਂ ਦੇ ਵੱਲੋਂ ਬੇਸ਼ੱਕ ਛੇ ਮਹੀਨੇ ਆਪਣੀ ਫ਼ਸਲ ਨੂੰ ਖੇਤ ਵਿੱਚ ਬੀਜ ਕੇ ਵੱਡਾ ਕਰਕੇ ਫਿਰ ਕੱਟ ਕੇ ਮੰਡੀ ਵਿੱਚ ਲਿਜਾਇਆ ਜਾਂਦਾ ਹੈ। ਪਰ ਫਿਰ ਵੀ ਉਸ ਨੂੰ ਚੰਗਾ ਭਾਅ ਨਹੀਂ ਮਿਲਦਾ। ਕਿਸਾਨ ਐਮਐਸਪੀ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਨੇ। ਪਰ ਸਰਕਾਰਾਂ ਉਨ੍ਹਾਂ ਦੀ ਗੱਲ ਨਹੀਂ ਸੁਣ ਰਹੀਆਂ। ਸਟੇਟ ਸਰਕਾਰਾਂ ਹੋਣ ਜਾਂ ਫਿਰ ਕੇਂਦਰ ਸਰਕਾਰ ਕਿਸੇ ਦੇ ਵੱਲੋਂ ਵੀ ਕਿਸਾਨਾਂ ਦੀ ਆਮਦਨ ਵਧਾਉਣ ਜਾਂ ਫਿਰ ਕਿਸਾਨਾਂ ਨੂੰ ਕਰਜ਼ੇ ਅਤੇ ਫ਼ਸਲੀ ਚੱਕਰ ਵਿੱਚੋਂ ਕੱਢਣ ਵਾਸਤੇ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਰਹੀ।

ਲੇਖ ਪੜ੍ਹਨ ਵਾਲੇ ਬਹੁਤ ਸਾਰੇ ਪਾਠਕ ਇਹ ਕਹਿ ਦੇਣਗੇ ਕਿ ਕਿਸਾਨ ਨੂੰ ਕਿਸਨੇ ਕਿਹਾ ਹੈ ਕਿ ਉਹ ਫ਼ਾਲਤੂ ਖਰਚਾ ਕਰੇ? ਕਿਉਂ ਉਹ ਐਸ਼ੋ ਆਰਾਮ ਤੇ ਇੰਨਾ ਪੈਸਾ ਖ਼ਰਚ ਕਰਦਾ? ਬੈਂਕਾਂ ਤੋਂ ਲੈ ਕੇ ਕਰਜ਼ਾ ਕਿਸਾਨ ਐਸ਼ ਹੀ ਕਰਦੇ ਨੇ? ਪਾਠਕਾਂ ਦੇ ਅਜਿਹੇ ਕਈ ਸਵਾਲ ਹੋਣਗੇ, ਪਰ ਅਸਲੀਅਤ ਇਸ ਤੋਂ ਕੁੱਝ ਵੱਖਰੀ ਹੈ। ਕਿਸਾਨਾਂ ਨੂੰ ਸ਼ੌਕ ਨਹੀਂ ਕਿ ਉਹ ਕਰਜ਼ੇ ਚੁੱਕਣ, ਕਰਜ਼ੇ ਚੁੱਕਣ ਲਈ ਸਰਕਾਰਾਂ ਮਜਬੂਰ ਕਰਦੀਆਂ ਨੇ। ਜੇਕਰ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦਾ ਸਹੀ ਭਾਅ, ਸਹੀ ਸਮੇਂ 'ਤੇ ਮਿਲ ਜਾਵੇ, ਤਾਂ ਉਨ੍ਹਾਂ ਨੂੰ ਕੀ ਲੋੜ ਪਈ ਹੈ ਕਿ, ਉਹ ਆਪਣੀ ਅਗਲੀ ਫ਼ਸਲ ਉਗਾਉਣ ਦੇ ਲਈ ਬੈਂਕਾਂ ਤੋਂ ਕਰਜ਼ੇ ਲੈਣ? ਵੱਡੇ ਪੱਧਰ 'ਤੇ ਪੰਜਾਬ ਸਮੇਤ ਦੇਸ਼ ਭਰ ਦੇ ਅੰਦਰ ਛੋਟੇ ਕਿਸਾਨ ਠੇਕੇ 'ਤੇ ਜਾਂ ਫਿਰ ਕਹਿ ਲਓ ਕਿਰਾਏ 'ਤੇ ਜ਼ਮੀਨ ਲੈ ਕੇ ਵਾਹੀ ਕਰਦੇ ਨੇ। ਉਨ੍ਹਾਂ ਕਿਸਾਨਾਂ ਦਾ ਇੱਕੋ ਇੱਕ ਮਕਸਦ ਹੁੰਦਾ ਹੈ ਕਿ, ਉਹ ਖੇਤੀ ਕਰਕੇ ਚਾਰ ਪੈਸੇ ਕਮਾ ਕੇ, ਪਰਿਵਾਰ ਦਾ ਗੁਜ਼ਾਰਾ ਕਰ ਸਕਣ, ਪਰ ਇਸ ਦਾ ਨਤੀਜਾ ਕਿਸਾਨਾਂ ਨੂੰ ਜ਼ਹਿਰ ਖਾ ਕੇ ਭੁਗਤਣਾ ਪੈਂਦਾ ਹੈ। ਕਿਸਾਨ ਖ਼ੁਦਕੁਸ਼ੀਆਂ ਦੇ ਮੁੱਖ ਕਾਰਨਾਂ ਵਿੱਚ ਕਰਜ਼ੇ ਦਾ ਬੋਝ, ਮਾੜੀ ਆਰਥਿਕ ਸਥਿਤੀ, ਫਸਲਾਂ ਦੀ ਅਸਫਲਤਾ, ਘੱਟੋ-ਘੱਟ ਸਮਰਥਨ ਮੁੱਲ ($♥♦) ਦੀ ਘਾਟ, ਅਤੇ ਸਰਕਾਰੀ ਨੀਤੀਆਂ ਦੀ ਅਣਦੇਖੀ ਸ਼ਾਮਲ ਹਨ।

ਵੱਡੇ ਪੱਧਰ ਤੇ ਜਿੰਨਾ ਕਿਸਾਨਾਂ ਦੇ ਵੱਲੋਂ ਜ਼ਮੀਨਾਂ ਠੇਕੇ 'ਤੇ ਲਈਆਂ ਗਈਆਂ ਹਨ ਜਾਂ ਫਿਰ ਕਿਰਾਏ 'ਤੇ ਲਈਆਂ ਗਈਆਂ ਹਨ, ਉਨ੍ਹਾਂ ਨੂੰ ਆਖ਼ਰਕਾਰ ਕਰਜ਼ੇ ਦੀ ਪੰਡ ਲਾਹੁਣ ਲਈ ਮੌਤ ਨੂੰ ਗਲੇ ਲਗਾਉਣਾ ਪੈਂਦਾ ਹੈ। ਇਹ ਗੱਲ ਇਕੱਲੇ ਭਾਰਤ ਦੀ ਹੀ ਨਹੀਂ, ਬਲਕਿ ਬਾਹਰਲੇ ਮੁਲਕਾਂ ਦੇ ਵਿੱਚ ਵੀ ਅਜਿਹਾ ਹੀ ਕੁੱਝ ਹਾਲ ਹੈ। ਜਿੱਥੇ ਕਿਸਾਨ ਖੇਤੀ ਕਰਦੇ ਨੇ, ਉੱਥੇ ਅਜਿਹੀਆਂ ਸਥਿਤੀਆਂ ਸਰਕਾਰਾਂ ਦੇ ਵੱਲੋਂ ਪੈਦਾ ਕਰ ਦਿੱਤੀਆਂ ਗਈਆਂ ਹਨ ਕਿ, ਕਿਸਾਨਾਂ ਦੀ ਆਮਦਨ ਤਾਂ ਵੱਧ ਨਹੀਂ ਰਹੀ, ਉਲਟਾ ਉਨ੍ਹਾਂ ਦੇ ਖ਼ਰਚੇ ਵੱਧ ਰਹੇ ਹਨ। 2017 ਦੀ ਇੱਕ ਸਰਕਾਰੀ ਰਿਪੋਰਟ ਅਨੁਸਾਰ, ਕਿਸਾਨਾਂ ਦੀ ਆਮਦਨ 2015 ਤੋਂ 2022 ਤੱਕ ਦੁੱਗਣੀ ਕਰਨ ਲਈ ਸਾਲਾਨਾ 10.4% ਵਾਧੇ ਦੀ ਲੋੜ ਸੀ, ਪਰ 2013-2016 ਦੌਰਾਨ ਆਮਦਨ ਸਿਰਫ 2% ਸਾਲਾਨਾ ਵਧੀ।

ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਵਿਕੀਪੀਡੀਆ ਨੇ ਆਪਣੇ ਲੇਖ ਵਿੱਚ ਦੱਸਿਆ ਕਿ, ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 1995 ਤੋਂ 2014 ਤੱਕ 296,438 ਕਿਸਾਨ ਖ਼ੁਦਕੁਸ਼ੀਆਂ ਕਰਕੇ ਮਾਰੇ ਗਏ ਸਨ, 2014 ਤੋਂ 2022 ਤੱਕ ਦੇ ਨੌਂ ਸਾਲਾਂ ਵਿੱਚ, ਇਹ ਗਿਣਤੀ 100,474 ਸੀ। ਵੈਸੇ, ਕਿਸਾਨਾਂ ਵਾਸਤੇ ਸਰਕਾਰਾਂ ਦੇ ਵੱਲੋਂ ਸਬਸਿਡੀਆਂ ਤਾਂ ਦੇਣ ਦੀਆਂ ਗੱਲਾਂ ਵੱਡੀਆਂ ਵੱਡੀਆਂ ਕੀਤੀਆਂ ਜਾਂਦੀਆਂ ਹਨ, ਪਰ ਅਸਲ ਦੇ ਵਿੱਚ ਕਿਸਾਨਾਂ ਨੂੰ ਸਬਸਿਡੀਆਂ ਦੇਣ ਦੀ ਬਜਾਏ, ਸਰਕਾਰਾਂ ਦੇ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਹੀ ਫ਼ਾਇਦੇ ਪਹੁੰਚਾਏ ਜਾਂਦੇ ਹਨ ਅਤੇ ਉਨ੍ਹਾਂ ਦੇ ਹੱਕ ਵਿੱਚ ਹੀ ਫ਼ੈਸਲੇ ਕੀਤੇ ਜਾਂਦੇ ਹਨ। ਇੱਥੇ ਪਾਠਕਾਂ ਨੂੰ ਦੱਸਦੇ ਚਲੀਏ ਕਿ ਦੇਸ਼ ਦੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਸਰਕਾਰਾਂ ਦੇ ਵੱਲੋਂ ਕਰੋੜਾਂ ਰੁਪਏ ਦੇ ਕਰਜ਼ੇ ਮੁਆਫ਼ ਕਰ ਦਿੱਤੇ ਗਏ ਹਨ। ਕੀ ਕੋਈ ਪਾਠਕ ਇਸ ਤੇ ਸਵਾਲ ਸਰਕਾਰਾਂ ਨੂੰ ਕਰੇਗਾ ਕਿ ਵੱਡੇ ਕਾਰਪੋਰੇਟ ਘਰਾਣਿਆਂ ਜਿੰਨਾ ਦੀ ਦੇਸ਼ ਨੂੰ ਦੇਣ ਸਿਰਫ਼ ਵਿਕਾਸ ਨਹੀਂ, ਬਲਕਿ ਵਿਨਾਸ਼ ਹੀ ਹੈ, ਉਨ੍ਹਾਂ ਨੇ ਦੇਸ਼ ਦੇ ਲਈ ਕਿਹੜਾ ਚੰਗਾ ਕੰਮ ਕੀਤਾ ਹੈ? ਕਿਸਾਨ ਤਾਂ ਫ਼ਸਲ ਉਗਾ ਕੇ ਲੋਕਾਂ ਦਾ ਦੇਸ਼ ਦਾ ਢਿੱਡ ਭਰਦਾ ਹੈ, ਪਰ ਫਿਰ ਵੀ ਉਹ ਦੋ ਵੇਲੇ ਦੀ ਰੋਟੀ ਵੀ ਚੰਗੇ ਤਰੀਕੇ ਨਾਲ ਨਹੀਂ ਖਾ ਪਾਉਂਦਾ। ਅੱਜ ਫ਼ਸਲਾਂ ਦੇ ਭਾਅ ਇੰਨੇ ਡਿੱਗ ਚੁੱਕੇ ਹਨ ਕਿ, ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਚੁੱਕੇ ਹਨ। ਜਿਹੜੀ ਕਣਕ ਕਿਸਾਨਾਂ ਕੋਲੋਂ 22 ਤੋਂ 25 ਰੁਪਏ ਕਿੱਲੋ ਜਾਂ ਫਿਰ ਕਹਿ ਲਓ 2200 ਤੋਂ 2500 ਰੁਪਏ ਕੁਇੰਟਲ ਸਰਕਾਰ ਦੁਆਰਾ ਖ਼ਰੀਦੀ ਜਾਂਦੀ ਹੈ, ਉਹੋ ਕਣਕ ਕਾਰਪੋਰੇਟ ਘਰਾਣੇ ਪੈਕਟਾਂ ਦੇ ਵਿੱਚ ਬੰਦ ਕਰਕੇ, 100-150 ਰੁਪਏ ਕਿੱਲੋ ਤੱਕ ਅੱਗੇ ਲੋਕਾਂ ਨੂੰ ਵੇਚਦੇ ਹਨ। ਇਸੇ ਤਰ੍ਹਾਂ ਹੀ ਸਬਜ਼ੀਆਂ ਦਾ ਹਾਲ ਹੈ। ਕਿਸਾਨਾਂ ਦੇ ਕੋਲੋਂ ਤਾਂ ਸਬਜ਼ੀਆਂ ਸਸਤੇ ਭਾਅ ਦੇ ਵਿੱਚ ਮੰਡੀਆਂ ਦੇ ਵਿੱਚੋਂ ਖ਼ਰੀਦੀਆਂ ਜਾਂਦੀਆਂ ਹਨ, ਪਰ ਉਸ ਨੂੰ ਪੈਕਟਾਂ ਦੇ ਵਿੱਚ ਬੰਦ ਕਰਕੇ ਕਾਰਪੋਰੇਟ ਘਰਾਣੇ ਚੋਖੀਆਂ ਆਮਦਨਾਂ ਕਮਾ ਲੈਂਦੇ ਹਨ। ਕੀ ਸਰਕਾਰਾਂ ਨੂੰ ਨਹੀਂ ਚਾਹੀਦਾ ਕਿ ਇਸ 'ਤੇ ਕਾਨੂੰਨ ਬਣਾਇਆ ਜਾਵੇ, ਕਾਰਪੋਰੇਟ ਘਰਾਣੇ ਜਿਹੜੇ ਕਿ ਕਿਸਾਨਾਂ ਦੀ ਦਿਨ ਵੇਲੇ ਲੁੱਟ ਕਰਦੇ ਨੇ, ਉਨ੍ਹਾਂ ਦੇ ਖ਼ਿਲਾਫ਼ ਕੋਈ ਐਕਟ ਲਿਆਂਦਾ ਜਾਵੇ। ਵੈਸੇ ਦੇਸ਼ ਦੀ ਕੋਈ ਵੀ ਸਰਕਾਰ ਨਹੀਂ ਚਾਹੁੰਦੀ ਕਿ ਕਿਸਾਨ ਦੀ ਆਮਦਨ ਵਧੇ, ਕਿਉਂਕਿ ਇਹ ਚਾਹੁੰਦੀਆਂ ਹਨ ਕਿ ਕਿਸਾਨਾਂ ਨੂੰ ਦੱਬ ਕੇ ਹੀ ਰੱਖਿਆ ਜਾਵੇ। ਅੱਜ ਖੇਤੀ ਇਸ ਵੇਲੇ ਘਾਟੇ ਦਾ ਸੌਦਾ ਹੋ ਗਈ ਹੈ। ਸਾਡੇ ਮੁਲਕ ਦੇ ਅੰਦਰ ਧਰਮ ਜਾਤ ਪਾਤ ਦੇ ਹੀ ਮੁੱਦੇ ਸਭ ਤੋਂ ਜ਼ਿਆਦਾ ਉੱਭਰਦੇ ਰਹਿੰਦੇ ਹਨ। ਜਦੋਂ ਕਿਸਾਨਾਂ ਮਜ਼ਦੂਰਾਂ ਦੀ ਮਿਹਨਤ ਦੀ ਗੱਲ ਆਉਂਦੀ ਹੈ ਜਾਂ ਫਿਰ ਇਹ ਕਹਿ ਲਓ ਕਿ ਉਨ੍ਹਾਂ ਦੀਆਂ ਫ਼ਸਲਾਂ ਦੇ ਸਹੀ ਭਾਅ ਅਤੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਗੱਲ ਆਉਂਦੀ ਹੈ ਤਾਂ, ਉਸ ਵੇਲੇ ਕੋਈ ਵੀ ਅੱਗੇ ਨਹੀਂ ਆਉਂਦਾ। ਸਾਰੀਆਂ ਧਿਰਾਂ ਚੁੱਪ ਹੋ ਜਾਂਦੀਆਂ ਹਨ, ਬੇਸ਼ੱਕ ਉਹ ਕਿਸੇ ਵੀ ਤਬਕੇ ਦੀਆਂ ਹੋਣ। ਵਿਰੋਧੀ ਧਿਰਾਂ ਵੀ ਓਨੀ ਦੇਰ ਤੱਕ ਹੀ ਕਿਸਾਨਾਂ ਦੇ ਨਾਲ ਖੜਦੀਆਂ ਹਨ, ਜਦੋਂ ਤੱਕ ਉਹ ਸੱਤਾ ਵਿੱਚ ਨਹੀਂ ਆਉਂਦੀਆਂ। ਜਿਹੜੀਆਂ ਪਾਰਟੀਆਂ ਵਿਰੋਧੀ ਧਿਰ ਵਿੱਚ ਹੁੰਦਿਆਂ ਕਿਸਾਨਾਂ ਦੀ ਆਵਾਜ਼ ਬੁਲੰਦ ਕਰਦੀਆਂ ਨੇ, ਉਨ੍ਹਾਂ ਦੇ ਸੱਤਾ ਦੇ ਵਿੱਚ ਆਉਂਦਿਆਂ ਹੀ, ਪਤਾ ਨਹੀਂ ਉਨ੍ਹਾਂ ਨੂੰ ਕੀ ਸੱਪ ਸੁੰਘ ਜਾਂਦਾ ਹੈ ਕਿ, ਉਹ ਕਿਸਾਨਾਂ ਦੀਆਂ ਮੰਗਾਂ ਸੁਣਨ ਦੀ ਬਜਾਏ, ਉਨ੍ਹਾਂ ਨੂੰ ਗੁੰਮਰਾਹ ਕਰਦੀਆਂ ਰਹਿੰਦੀਆਂ ਨੇ।

ਇੱਥੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ ਨੇ, ਹਰ ਕਿਸੇ ਨੇ ਕਿਸਾਨ ਪੱਖੀ ਕੋਈ ਫ਼ੈਸਲੇ ਨਹੀਂ ਲਏ। ਜਿੰਨੇ ਵੀ ਫ਼ੈਸਲੇ ਲਏ ਨੇ, ਉਹ ਸਿਰਫ਼ ਤੇ ਸਿਰਫ਼ ਕਾਰਪੋਰੇਟ ਘਰਾਣਿਆਂ ਦੇ ਹੀ ਪੱਖੀ ਲਏ ਨੇ। ਕਾਲੇ ਤਿੰਨ ਖੇਤੀ ਕਾਨੂੰਨ, ਜਿੰਨਾ ਨੂੰ ਕਿਸਾਨਾਂ ਨੇ ਵਾਪਸ ਕਰਾਇਆ ਸੀ, ਉਹ ਵੀ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹੀ ਸਨ। ਇਸ ਤੋਂ ਬਾਅਦ ਜਿਹੜਾ ਖੇਤੀ ਨੀਤੀ ਖਰੜਾ ਤਿਆਰ ਕੀਤਾ ਗਿਆ ਹੈ, ਉਹ ਵੀ ਕਿਸਾਨਾਂ ਦੇ ਵਿਰੋਧ ਵਿੱਚ ਹੀ ਹੈ। ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ 'ਤੇ ਪਹਿਰਾ ਦਿੰਦਿਆਂ ਹੋਇਆਂ ਵੱਖੋ ਵੱਖ ਦੇਸ਼ਾਂ ਦੀਆਂ ਸਰਕਾਰਾਂ ਦੇ ਵੱਲੋਂ ਕਿਸਾਨਾਂ ਨੂੰ ਲਤਾੜਿਆ ਜਾ ਰਿਹਾ ਹੈ ਤੇ ਖੇਤੀ ਦੇ ਵਿੱਚੋਂ ਕਿਵੇਂ ਕਿਸਾਨਾਂ ਨੂੰ ਕੱਢਿਆ ਜਾਵੇ, ਉਸ ਦੇ ਵੱਲ ਧਿਆਨ ਦਿੱਤਾ ਜਾ ਰਿਹਾ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਪਰ ਇਸ ਦੇ ਵਿੱਚ ਵੀ ਇਸ ਵੇਲੇ ਖੇਤੀ ਤੋਂ ਵੱਧ ਫ਼ੈਕਟਰੀਆਂ ਅਤੇ ਹੋਰ ਕਾਰਖ਼ਾਨਿਆਂ ਤੋਂ ਇਲਾਵਾ ਨਵੇਂ ਨਵੇਂ ਸ਼ਹਿਰ ਵਸਾਉਣ ਦੀਆਂ ਗੱਲਾਂ ਹੋ ਰਹੀਆਂ ਨੇ, ਜਿਹੜੀਆਂ ਕਿ ਪੰਜਾਬ ਦੀ ਧਰਤੀ ਨੂੰ ਹੋਰ ਖੋਖਲਾ ਕਰਨਗੀਆਂ। ਇਸ ਵੇਲੇ ਦੁਨੀਆ ਭਰ ਦੇ ਵਿੱਚ ਤਬਾਹੀ ਮੱਚੀ ਪਈ ਹੈ। ਕਿਉਂਕਿ ਜਲ ਵਾਯੂ ਪਰਿਵਰਤਨ ਦੇ ਕਾਰਨ, ਜਿੱਥੇ ਸਮੇਂ ਤੋਂ ਪਹਿਲਾਂ ਮੀਂਹ ਪੈ ਰਹੇ ਹਨ, ਹੜ ਆ ਰਹੇ ਹਨ ਅਤੇ ਕਈ ਜਗਾਵਾਂ ਤੇ ਸਮੇਂ ਤੋਂ ਪਹਿਲਾਂ ਸੋਕਾ ਆ ਰਿਹਾ ਹੈ, ਲੋਕ ਪਾਣੀ ਨੂੰ ਤਰਸ ਰਹੇ ਨੇ, ਕਈ ਜਗਾਵਾਂ ਤੇ ਹੜ ਇੰਨਾ ਜ਼ਿਆਦਾ ਆ ਚੁੱਕਿਆ ਹੈ ਕਿ, ਲੋਕ ਪਾਣੀ ਦੇ ਵਿੱਚ ਡੁੱਬ ਕੇ ਮਰ ਰਹੇ ਨੇ।

ਅਸਲ ਦੇ ਵਿੱਚ ਜਿੰਨੀ ਦੇਰ ਤੱਕ ਸਰਕਾਰਾਂ ਦੇ ਵੱਲੋਂ ਕੋਈ ਚੰਗੀਆਂ ਨੀਤੀਆਂ ਨਹੀਂ ਘੜੀਆਂ ਜਾਂਦੀਆਂ, ਉਦੋਂ ਤੱਕ ਸਾਡੇ ਮੁਲਕ ਦੇ ਕਿਸਾਨ-ਮਜ਼ਦੂਰ ਮਰਦੇ ਹੀ ਰਹਿਣਗੇ। ਕਿਸਾਨਾਂ ਦੀ ਆਮਦਨ ਵਧੇ, ਇਸ ਤੇ ਸਰਕਾਰ ਸਿਰਫ਼ ਤੇ ਸਿਰਫ਼ ਬਿਆਨਬਾਜ਼ੀ ਅਤੇ ਇਸ਼ਤਿਆਰਬਾਜ਼ੀ ਦੇ ਵਿੱਚ ਹੀ ਚਾਹੁੰਦੀ ਹੈ ਕਿ ਕਿਸਾਨਾਂ ਦੀ ਆਮਦਨ ਵਧਦੀ ਰਹੇ। ਇਸ ਵੇਲੇ ਦੇਸ਼ ਦੀ ਸਰਕਾਰ ਦੇ ਵੱਲੋਂ ਭਾਵੇਂ ਕਿ ਕਿਸਾਨਾਂ ਦੇ ਹੱਕ ਵਿੱਚ ਵੱਡੇ ਵੱਡੇ ਬਿਆਨ ਦਿੱਤੇ ਜਾ ਰਹੇ ਹਨ ਅਤੇ ਕਈ ਤਰ੍ਹਾਂ ਦੇ ਵਾਅਦੇ ਕਰਨ ਦੇ ਨਾਲ ਨਾਲ ਕਿਸਾਨਾਂ ਦੀਆਂ ਫ਼ਸਲਾਂ ਤੇ ਐਮਐਸਪੀ ਵਧਾਉਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਪਰ ਅਸਲ ਦੇ ਵਿੱਚ ਕਿਸਾਨਾਂ ਦੀ ਲਾਗਤ ਦਾ ਮੁੱਲ ਵੀ ਸਰਕਾਰਾਂ ਦੇ ਵੱਲੋਂ ਨਹੀਂ ਦਿੱਤਾ ਜਾ ਰਿਹਾ। ਦੇਸ਼ ਦੇ ਕਿਸਾਨਾਂ ਦੀ ਹਾਲਤ ਇਸ ਵੇਲੇ ਬੇਹੱਦ ਮਾੜੀ ਹੈ। ਚਾਹੀਦਾ ਇਹ ਹੈ ਕਿ ਸਰਕਾਰ ਕਿਸਾਨਾਂ ਦੀ ਮਾੜੀ ਹਾਲਤ ਦੇ ਵੱਲ ਵੇਖ ਕੇ, ਕੋਈ ਕਿਸਾਨਾਂ ਦੇ ਹਿੱਤ ਵਿੱਚ ਕਾਨੂੰਨ ਬਣਾਵੇ ਨਾ ਕਿ, ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਕੋਈ ਕਾਨੂੰਨ ਬਣਾ ਕੇ ਕਿਸਾਨਾਂ ਦੀ ਲੁੱਟ ਕਰੇ। ਜੇਕਰ ਅੰਨਦਾਤਾ ਬਚੇਗਾ ਤਾਂ ਹੀ ਮੁਲਕ ਬਚੇਗਾ ਨਹੀਂ ਤਾਂ, ਮੁਲਕ ਨਹੀਂ ਬਚੇਗਾ। ਜਿਹੜੇ ਕੁੱਝ ਕੁ ਲੋਕ ਇਸ ਵੇਲੇ ਕਿਸਾਨਾਂ ਦਾ ਵਿਰੋਧ ਕਰ ਰਹੇ ਹਨ, ਜੇਕਰ ਉਹ ਚਾਹੁੰਦੇ ਹਨ ਕਿ ਉਹ ਵੀ ਬਚੇ ਰਹਿਣ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੇ ਨਾਲ ਖੜਨ। ਸਰਕਾਰਾਂ ਦੇ ਨਾਲ ਖੜ ਕੇ ਉਨ੍ਹਾਂ ਨੂੰ ਸਿਰਫ਼ ਤੇ ਸਿਰਫ਼ ਇੱਕ ਧਿਰ ਦਾ ਸਾਥ ਤਾਂ ਮਿਲ ਜਾਵੇਗਾ, ਪਰ ਰੋਟੀ ਨਹੀਂ ਮਿਲੇਗੀ। ਕਾਰਪੋਰੇਟ ਘਰਾਣੇ ਕਦੋਂ ਤੱਕ ਉਕਤ ਲੋਕਾਂ ਨੂੰ ਰੋਟੀ ਦੇ ਪਾਉਣਗੇ, ਜਿਹੜੇ ਇਸ ਵੇਲੇ ਕਿਸਾਨਾਂ ਦੇ ਵਿਰੁੱਧ ਬੋਲ ਰਹੇ ਹਨ। ਕਿਸਾਨ ਆਪਣੀਆਂ ਹੱਕੀ ਮੰਗਾਂ ਦੇ ਲਈ ਹੀ ਧਰਨੇ ਮੁਜ਼ਾਹਰੇ ਕਰਦੇ ਨੇ, ਪਰ ਕੁੱਝ ਅਖੌਤੀ ਇਨਕਲਾਬੀ ਇਹਨਾਂ ਮੁਜ਼ਾਹਰਿਆਂ ਦਾ ਮਜ਼ਾਕ ਉਡਾਉਂਦੇ ਨੇ, ਜਦੋਂ ਕਿ ਸੱਤਾ ਤੋਂ ਬਾਹਰ ਰਹਿੰਦਿਆਂ ਉਹ ਇਹਨਾਂ ਧਰਨਿਆਂ ਨੂੰ ਹੀ ਆਪਣਾ ਅਸਲ ਏਜੰਡਾ ਦੱਸ ਕੇ ਲੋਕ ਹਿੱਤਾਂ ਦੀਆਂ ਦੁਹਾਈਆਂ ਦਿੰਦੇ ਹੁੰਦੇ ਸਨ, ਖ਼ੈਰ ਵੇਖਦੇ ਹਾਂ ਕਿ ਅੱਗੇ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਬਾਰੇ ਕੋਈ ਵਿਚਾਰ ਜਾਂ ਫਿਰ ਫ਼ੈਸਲਾ ਲੈਂਦੀ ਹੈ ਜਾਂ ਫਿਰ ਇਸੇ ਤਰ੍ਹਾਂ ਹੀ ਕਿਸਾਨ ਮਰਦੇ ਰਹਿਣਗੇ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
ਗੁਰਪ੍ਰੀਤ
95698-20314

## ਪਲਾਟ

ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਣ ਪਿੱਛੋਂ ਮਾਸਟਰ ਹਰੀ ਰਾਮ ਨੇ ਮਾਹਿਲਪੁਰ ਇੱਕ ਪੰਦਰਾਂ ਮਰਲੇ ਦਾ ਪਲਾਟ ਖਰੀਦ ਲਿਆ ਤੇ ਉਸ ਵਿੱਚ ਘਰ ਬਣਵਾਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਉਸ ਕੋਲ ਦੋ ਜਣੇ ਆ ਕੇ ਖੜ੍ਹ ਗਏ, ਜਿਨ੍ਹਾਂ ਚੋਂ ਇੱਕ ਲੜਕੀ ਸੀ। ਲੜਕੀ ਉਸ ਨੂੰ ਆਖਣ ਲੱਗੀ,÷ਅੰਕਲ ਜੀ, ਕੀ ਤੁਸੀਂ ਰਵਨਜੀਤ ਦੇ ਫਾਦਰ ਇਨ ਲਾਅ ਹੋ ?÷
ਮਾਸਟਰ ਹਰੀ ਰਾਮ ਨੇ ÷ਹਾਂ÷ ਵਿੱਚ ਉੱਤਰ ਦਿੱਤਾ।
ਫੇਰ ਉਹ ਆਖਣ ਲੱਗੀ,÷ਮੈਂ ਰਵਨਜੀਤ ਦੀ ਸਹੇਲੀ ਆਂ। ਕੁੱਝ ਦਿਨ ਪਹਿਲਾਂ ਉਹ ਮੈਨੂੰ ਹੁਸ਼ਿਆਰਪੁਰ ਬੱਸ ਸਟੈਂਡ ਤੇ ਮਿਲੀ ਸੀ। ਉਸ ਨੇ ਮੈਨੂੰ ਦੱਸਿਆ ਸੀ ਕਿ ਤੁਸੀਂ ਮਾਹਿਲਪੁਰ ਪਲਾਟ ਲੈ ਕੇ ਨਵਾਂ ਘਰ ਬਣਵਾ ਰਹੇ ਹੋ ਤੇ ਤੁਹਾਡੇ ਪਲਾਟ ਦੇ ਸਾਮ ?ਹਣੇ ਕਈ ਪਲਾਟ ਵਿਕਾਊ ਪਏ ਆ। ਅਸੀਂ ਵੀ ਇੱਕ ਦਸ ਕੁ ਮਰਲੇ ਦਾ ਪਲਾਟ ਲੈਣਾ ਚਾਹੰਨੇ ਆਂ। ਪਿੰਡ ਵਾਲਾ ਘਰ ਰਹਿਣ ਲਈ ਬੜਾ ਛੋਟਾ ਆ। ਨਾਲੇ ਸ਼ਹਿਰ ਦਾ ਮਹੌਲ ਕੁੱਝ ਵੱਖਰਾ ਹੁੰਦਾ ਆ। ਪਲਾਟ ਤਾਂ ਹੋਰ ਵੀ ਆਲੇ, ਦੁਆਲੇ ਬਥੇਰੇ ਖਾਲੀ ਪਏ ਆ, ਪਰ ਮੈਂ ਚਾਹੰਨੀ ਆਂ ਕਿ ਕੋਈ ਜਾਣ, ਪਛਾਣ ਵਾਲਾ ਕੋਲ ਰਹਿੰਦਾ ਹੋਵੇ, ਤਾਂ ਚੰਗੀ ਗੱਲ ਆ। ਠੀਕ ਆ ਬੇਟੀ, ਆਉ ਫੇਰ ਪਲਾਟ ਵੇਖ ਲਈਏ।÷ਮਾਸਟਰ ਹਰੀ ਰਾਮ ਨੇ ਆਖਿਆ। ਇੱਕ ਘੰਟਾ ਫਿਰ, ਤੁਰ ਕੇ ਪਲਾਟ ਵੇਖਣ ਪਿੱਛੋਂ ਉਨ੍ਹਾਂ ਨੂੰ ਇੱਕ ਦਸ ਮਰਲੇ ਦਾ ਪਲਾਟ ਪਸੰਦ ਆ ਗਿਆ, ਜਿਹੜਾ ਕਿ ਉਸ ਦੇ ਬਣ ਰਹੇ ਘਰ ਦੇ ਬਿਲਕੁਲ ਸਾਮ ?ਹਣੇ ਸੀ। ਫੇਰ ਲੜਕੀ ਦੇ ਡੈਡੀ ਨੇ ਉਸ ਨੂੰ ਆਖਿਆ,÷ਤੁਹਾਡੇ ਨਾਲ ਲੱਗਦੇ ਦੋ ਘਰ ਕਿਨ੍ਹਾਂ ਦੇ ਆ ? ਇਹ ਦੋਵੇਂ ਘਰ ਕੰਮੀਆਂ ਦੇ ਆ।÷
ਮਾਸਟਰ ਹਰੀ ਰਾਮ ਨੇ ਸੱਚ ਆਖ ਦਿੱਤਾ।
ਉਸ ਦੇ ਏਨਾ ਕਹਿਣ ਦੀ ਦੇਰ ਸੀ ਕਿ ਉਹ ਬਗੈਰ ਕੁੱਝ ਬੋਲੇ ਆਪਣੀ ਧੀ ਨੂੰ ਲੈ ਕੇ ਤੁਰਦਾ ਬਣਿਆ।

**ਮਹਿੰਦਰ ਸਿੰਘ ਮਾਨ**
ਫੋਨ -9915803554

# 'ਅਧਜਲ ਗੱਗਰੀ ਛਲਕਤ ਜਾਏ'

ਸਾਡੇ ਲੋਕ ਸਭਿਆਚਾਰ ਵਿੱਚ ਇੱਕ ਕਹਾਵਤ 'ਅਧਜਲ ਗੱਗਰੀ ਛਲਕਤ ਜਾਏ' ਦੀ ਵਰਤੋਂ ਆਮ ਹੀ ਕੀਤੀ ਜਾਂਦੀ ਹੈ, ਜਿਸ ਦਾ ਸ਼ਾਬਦਿਕ ਅਰਥ ਹੈ ਕਿ 'ਜੋ ਭਾਂਡਾ ਅੱਧਾ ਭਰਿਆ ਹੋਵੇ, ਉਹੀ ਛਲਕਦਾ ਹੈ, ਪਰ ਪੂਰਾ ਭਰਿਆ ਨਹੀਂ ਛਲਕਦਾ।' ਇਸ ਕਹਾਵਤ ਦੀਆਂ ਜੜ੍ਹਾਂ ਸਾਡੇ ਲੋਕ-ਸੰਸਕਾਰ ਵਿੱਚੋਂ ਹੀ ਉਪਜੀਆਂ ਹਨ। ਇਸ ਕਹਾਵਤ ਰਾਹੀਂ ਅਕਸਰ ਉਹਨਾਂ ਲੋਕਾਂ ਵੱਲ ਇਸ਼ਾਰਾ ਕੀਤਾ ਜਾਂਦਾ ਹੈ ਜੋ ਅਧੂਰੇ ਗਿਆਨ ਜਾਂ ਬਿਨਾ ਕਿਸੇ ਅਸਲ ਯੋਗਤਾ ਦੇ ਆਪਣੇ ਆਪ ਨੂੰ ਬਹੁਤ ਵੱਡਾ ਦਿਖਾਉਂਦੇ ਹਨ। ਅਜਿਹੇ ਲੋਕ ਜੋ ਜੋੜ-ਤੋੜ ਕਰਕੇ ਅਹੁਦੇ ਜਾਂ ਪਦਵੀਆਂ ਹਾਸਲ ਕਰ ਲੈਂਦੇ ਹਨ, ਪਰ ਅੰਦਰੋਂ ਖੋਖਲੇ ਹੁੰਦੇ ਹਨ। ਅਜਿਹੇ ਵਿਅਕਤੀ ਵਿੱਚ ਅਸਲ ਗਿਆਨ, ਤਜਰਬਾ ਜਾਂ ਸਮਝ ਨਹੀਂ ਹੁੰਦੀ, ਉਹ ਵੱਡੀਆਂ ਗੱਲਾਂ ਕਰਦਾ ਹੈ ਤੇ ਆਪਣੇ ਆਪ ਨੂੰ ਜ਼ਿਆਦਾ ਸਮਝਦਾਰ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ।

ਅਜੋਕੇ ਸਮਾਜ ਵਿੱਚ ਅਜਿਹੀ ਪ੍ਰਵਿਰਤੀ ਆਮ ਹੀ ਹੋ ਗਈ ਹੈ। ਖ਼ਾਸ ਤੌਰ 'ਤੇ ਸਿਆਸਤ ਅਤੇ ਨੌਕਰੀ ਦੀ ਦੁਨੀਆ ਵਿੱਚ ਅਜਿਹੇ ਦ੍ਰਿਸ਼ ਵੱਧ ਰਹੇ ਹਨ। ਕਈ ਵਾਰ ਅਜਿਹੇ ਹਾਲਾਤ ਬਣ ਜਾਂਦੇ ਹਨ ਕਿ ਜੋ ਵਿਅਕਤੀ ਅਸਲ ਵਿੱਚ ਮਿਹਨਤ ਕਰਕੇ ਲਾਇਕ ਬਣਦੇ ਹਨ, ਉਹ ਪਿੱਛੇ ਰਹਿ ਜਾਂਦੇ ਹਨ ਅਤੇ ਅਹੁਦਿਆਂ 'ਤੇ ਅਜਿਹੇ ਲੋਕ ਬੈਠ ਜਾਂਦੇ ਹਨ, ਜੋ ਨਾ ਤਾਂ ਉਸ ਅਹੁਦੇ ਦੇ ਕਾਬਲ ਹੁੰਦੇ ਹਨ ਅਤੇ ਨਾ ਹੀ ਉਨ੍ਹਾਂ ਕੋਲ ਕੋਈ ਯੋਗਤਾ ਜਾਂ ਘਾਲ-ਕਮਾਈ ਹੁੰਦੀ ਹੈ। ਅਜਿਹਿਆਂ ਕੋਲ ਨਾ ਵਿਚਾਰਧਾਰਾ ਹੁੰਦੀ ਹੈ, ਨਾ ਦਿਸ਼ਾ ਅਤੇ ਨਾ ਹੀ ਸੰਵੇਦਨਸ਼ੀਲਤਾ। ਉਹ ਸਿਰਫ਼ ਸਿਫ਼ਾਰਸ਼ਾਂ, ਰਿਸ਼ਤੇਦਾਰੀਆਂ ਜਾਂ ਹੋਰ ਗੈਰ-ਨੈਤਿਕ ਤਰੀਕਿਆਂ ਰਾਹੀਂ ਅੱਗੇ ਵਧ ਜਾਂਦੇ ਹਨ।

ਅਜਿਹੇ ਵਿਅਕਤੀਆਂ ਵਿੱਚ ਅਕਸਰ ਘਮੰਡ ਹੁੰਦਾ ਹੈ। ਉਹ ਆਪਣੇ ਆਪ ਨੂੰ ਹੋਰਾਂ ਤੋਂ ਉੱਤਮ ਤੇ ਵਧ ਸਿਆਣੇ ਸਮਝਦੇ ਹਨ। ਇਹ ਦੂਸਰਿਆਂ ਨੂੰ ਤੁੱਛ ਜਾਣਦੇ ਹਨ, ਇਸ ਕਰਕੇ ਇਹਨਾਂ ਦਾ ਵਿਵਹਾਰ ਚੰਗਾ ਨਹੀਂ ਹੁੰਦਾ। ਇਹ ਸੰਵੇਦਨਹੀਣ ਹੁੰਦੇ ਹਨ ਅਤੇ ਆਪਣੇ ਦਫ਼ਤਰ ਵਿੱਚ ਕੁਲੀਗ ਅਤੇ ਆਮ ਲੋਕਾਂ ਨਾਲ ਸਲੀਕੇ ਨਾਲ ਪੇਸ਼ ਨਹੀਂ ਆਉਂਦੇ। ਇਹ ਖ਼ੁਦ ਸਿੱਖਣ ਦੀ ਥਾਂ ਹੋਰਾਂ ਨੂੰ ਸਿਖਾਉਣ ਦੀ ਕੋਸ਼ਿਸ਼ ਕਰਦੇ ਹਨ। ਇਹ ਦੂਜਿਆਂ ਨੂੰ ਕਾਅਦੇ ਕਾਨੂੰਨ ਤੇ ਨਿਯਮ ਦੀ ਪਾਲਣਾ ਲਈ ਸਖ਼ਤ ਤਾੜਨਾ ਕਰਦੇ ਹਨ। ਪਰ ਜਦੋਂ ਖ਼ੁਦ ਦੇ ਬੱਚੇ ਜਾਂ ਰਿਸ਼ਤੇਦਾਰ ਦੀ ਗੱਲ ਆਉਂਦੀ ਹੈ ਤਾਂ ਤੈਅ ਨਿਯਮਾਂ ਦੀਆ ਵੱਖੀਆਂ ਉਧੇੜ ਕੇ ਰੱਖ ਦਿੰਦੇ ਹਨ।

ਅਜੋਕੇ ਸਮੇਂ ਵਿੱਚ ਅਸੀਂ ਸਿਆਸਤ, ਸਿੱਖਿਆ, ਦਫ਼ਤਰੀ ਅਤੇ ਕਾਰੋਬਾਰ ਦੀ ਦੁਨੀਆ ਵਿੱਚ ਵੀ ਅਜਿਹੇ ਹਾਲਤ ਵੇਖ ਸਕਦੇ ਹਾਂ। ਕਈ ਵਾਰ ਕਿਸੇ ਕੰਪਨੀ ਜਾਂ ਦਫ਼ਤਰ ਵਿੱਚ ਜੋ ਵਿਅਕਤੀ ਸਿਰਫ਼ ਚਲਾਕੀ, ਸਿਫ਼ਾਰਸ਼ ਜਾਂ ਅਫ਼ਸਰਾਂ ਦੀ ਚਮਚਾਗੀਰੀ ਰਾਹੀਂ ਉੱਚ ਅਹੁਦੇ 'ਤੇ ਪਹੁੰਚਦਾ ਹੈ, ਪਰ ਉਸ ਕੋਲ ਨਾ ਲੀਡਰਸ਼ਿਪ ਦਾ ਗੁਣ ਹੁੰਦਾ ਹੈ, ਨਾ ਹੀ ਕੰਮ ਦੀ ਸਮਝ, ਉਹ ਸਿਰਫ਼ 'ਪੋਜ਼ੀਸ਼ਨ' ਰੱਖਦਾ ਹੈ। ਜਦੋਂ ਕੰਮ ਕਰਨ ਦੀ ਵਾਰੀ ਆਉਂਦੀ ਹੈ, ਤਾਂ ਉਹ ਜਾਂ ਹੋਰਾਂ ਉੱਤੇ ਨਿਰਭਰ ਰਹਿੰਦਾ ਹੈ ਜਾਂ ਕੰਮ ਤੋਂ ਭੱਜ ਜਾਂਦਾ ਹੈ। ਇਹ ਸੰਗਠਨ ਦੇ ਆਤਮਵਿਸ਼ਵਾਸ ਅਤੇ ਕੰਮਕਾਜ ਨੂੰ ਨੁਕਸਾਨ ਪਹੁੰਚਾਉਂਦਾ ਹੈ। ਪਰ ਜਦੋਂ ਅਸਲ ਵਿਚ ਸਮਾਂ ਆਉਂਦਾ ਹੈ ਜਾਂ ਕਿਸੇ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਸ ਦੀ ਕਾਬਲੀਅਤ ਦੀ ਪੋਲ ਖੁੱਲ ਜਾਂਦੀ ਹੈ। ਇਸ ਤਰ੍ਹਾਂ ਉਹ ਨਾ ਸਿਰਫ਼ ਆਪਣੇ ਕੰਮ 'ਚ ਫੇਲ ਹੁੰਦੇ ਹਨ, ਸਗੋਂ ਆਪਣੇ ਸਮੂਹ, ਸੰਗਠਨ ਜਾਂ ਸੰਸਥਾ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਕਈ ਵਾਰ ਇਹ 'ਅਧਜਲ ਗੱਗਰੀਆਂ' ਹੋਰਾਂ ਦੇ ਮਿਹਨਤ ਦੇ ਨਤੀਜਿਆਂ ਨੂੰ ਵੀ ਆਪਣੇ ਨਾਮ ਲੈ ਲੈਂਦੀਆਂ ਹਨ, ਜੋ ਕਿ ਅਸਲੀ ਟੇਲੈਂਟ ਦੇ ਹੌਸਲੇ ਨੂੰ ਥੱਲੇ ਲਿਆਉਂਦਾ ਹੈ।

ਨਿਊਜ਼ਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਡਾ. ਸੰਦੀਪ ਸਿੰਘ ਮੁੰਡੇ
ਮੋਬਾਈਲ: 94136-52646

ਅੱਜ ਇੰਟਰਨੈੱਟ ਦੇ ਜ਼ਮਾਨੇ ਵਿੱਚ, ਕੋਈ ਵੀ ਵਿਅਕਤੀ ਆਪਣੀ ਅਸਲੀ ਪਛਾਣ ਨੂੰ ਲੁਕਾ ਕੇ ਇਕ ਬਣਾਉਟੀ ਛਵੀ ਪੇਸ਼ ਕਰ ਸਕਦਾ ਹੈ। ਬਿਨਾ ਕਿਸੇ ਵਿਗਿਆਨਕ ਜਾਂ ਤਕਨੀਕੀ ਗਿਆਨ ਦੇ ਵੀ ਲੋਕ 'ਮੋਟਿਵੇਸ਼ਨਲ ਸਪੀਕਰ', 'ਗੁਰੂ', ਜਾਂ 'ਕੋਚ' ਬਣ ਕੇ ਹਜ਼ਾਰਾਂ ਲੋਕਾਂ ਨੂੰ ਮੱਤ ਦਿੰਦੇ ਵੇਖੇ ਜਾਂਦੇ ਹਨ। ਇਹ ਉਹੀ 'ਅਧਜਲ ਗੱਗਰੀ' ਵਾਂਗ ਹਨ ਜੋ ਆਵਾਜ਼ ਤਾਂ ਬਹੁਤ ਕਰਦੇ ਹਨ, ਪਰ ਅੰਦਰੋਂ ਖੋਖਲੇ ਹਨ। ਉਹ ਨ ਸਿਰਫ਼ ਆਪਣੇ ਆਪ ਨੂੰ ਧੋਖਾ ਦੇ ਰਹੇ ਹਨ, ਸਗੋਂ ਹੋਰਾਂ ਦੀ ਵੀ ਦਿਸ਼ਾ ਭਟਕਾ ਰਹੇ ਹਨ। ਇਸ ਕਹਾਵਤ ਦੀ ਹਾਮੀ 'ਡੰਨਿਗ-ਕਰੂਗਰ ਦਾ ਮਨੋਵਿਗਿਆਨਕ ਪ੍ਰਭਾਵ ਸਿਧਾਂਤ' ਵੀ ਭਰਦਾ ਹੈ, ਇਸ ਦੇ ਅਨੁਸਾਰ, ਉਹ ਲੋਕ ਜਿਨ੍ਹਾਂ ਕੋਲ ਘੱਟ ਗਿਆਨ ਹੁੰਦਾ ਹੈ, ਉਹ ਆਪਣੇ ਆਪ ਨੂੰ ਵਧੇਰੇ ਸਮਝਦਾਰ ਮੰਨਦੇ ਹਨ। ਪਰ ਜੋ ਵਿਅਕਤੀ ਅਸਲ ਗਿਆਨ, ਕਲਾ ਜਾਂ ਕਾਬਲੀਅਤ ਰੱਖਦੇ ਹਨ, ਉਹ ਅਕਸਰ ਨਿਮਰ ਅਤੇ ਸ਼ਾਂਤ ਰਹਿੰਦੇ ਹਨ। ਉਹ ਆਪਣੇ ਕੰਮ ਵਿੱਚ ਨਿਪੁੰਨ ਹੁੰਦੇ ਹਨ ਅਤੇ ਆਪਣੇ ਆਪ ਨੂੰ ਹਮੇਸ਼ਾ ਸਿੱਖਿਆਰਥੀ ਮੰਨਦੇ ਹਨ।

ਇਸ ਦੇ ਉਲਟ, ਜੋ ਵਿਅਕਤੀ ਅੰਦਰੋਂ ਪੂਰੇ ਹਨ, ਜਿਨ੍ਹਾਂ ਕੋਲ ਗਿਆਨ, ਤਜਰਬਾ ਅਤੇ ਨਿਮਰਤਾ ਹੈ। ਉਹ ਜ਼ਿਆਦਾ ਨਹੀਂ ਬੋਲਦੇ, ਅਹੰਕਾਰ ਨਹੀਂ ਕਰਦੇ, ਸਲੀਕੇ ਨਾਲ ਵਿਵਹਾਰ ਕਰਦੇ ਹਨ। ਉਹ ਸਿਰਫ਼ ਅਹੁਦੇ ਲਈ ਕੰਮ ਨਹੀਂ ਕਰਦੇ, ਸਗੋਂ ਸਹੀ ਬਦਲਾਅ ਲਈ ਕੰਮ ਕਰਦੇ ਹਨ। ਅਜਿਹੇ ਲੋਕ ਸਮਾਜ ਦੇ ਅਸਲੀ ਨਾਇਕ ਹੁੰਦੇ ਹਨ, ਜੋ ਛਲਕਣ ਦੀ ਥਾਂ ਚੁੱਪ ਚਾਪ ਆਪਣਾ ਕੰਮ ਕਰਦੇ ਹਨ ਅਤੇ ਆਪਣੀ ਮਿਹਨਤ ਨਾਲ ਲੋਕਾਂ ਦੇ ਦਿਲਾਂ ਵਿੱਚ ਥਾਂ ਬਣਾਉਂਦੇ ਹਨ। ਅਸਲ ਵਿਅਕਤੀਤਵ ਠੰਢੇ ਮਿਜ਼ਾਜ ਵਾਲਾ ਹੁੰਦਾ ਹੈ, ਜੋ ਆਪਣੀ ਬੋਲਣੀ ਦੀ ਥਾਂ ਆਪਣੇ ਕਰਮਾਂ ਰਾਹੀਂ ਪਛਾਣ ਬਣਾਉਂਦਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਵੀ ਇਹੋ ਜਿਹੀ ਸੋਚ ਅਪਣਾਉਣ ਦੀ ਲੋੜ ਹੈ।

ਸਮੁੱਚੇ ਰੂਪ ਵਿੱਚ 'ਅਧਜਲ ਗੱਗਰੀ ਛਲਕਤ ਜਾਏ' ਸਿਰਫ਼ ਇੱਕ ਕਹਾਵਤ ਨਹੀਂ, ਸਗੋਂ ਸਮਾਜਕ ਜੀਵਨ ਦੀ ਸਚਾਈ ਹੈ। ਜੋ ਸਾਡੀ ਨੈਤਿਕਤਾ, ਸਿੱਖਿਆ, ਰਾਜਨੀਤੀ ਅਤੇ ਜੀਵਨ ਦੇ ਹਰ ਪੱਖ ਵਿੱਚ ਲਾਗੂ ਹੁੰਦੀ ਹੈ। ਇਹ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਆਪਣੇ ਅੰਦਰ ਦੀਆਂ ਖ਼ਾਮੀਆਂ ਕੱਢ ਕੇ ਵਿਅਕਤੀਤਵ ਨੂੰ ਵਿਕਸਤ ਕਰੀਏ। ਇਸ ਲਈ ਸਾਨੂੰ ਇਹ ਸੋਚਣਾ ਹੋਵੇਗਾ ਕਿ ਅਸੀਂ ਕਿਵੇਂ ਆਪਣੀ ਯੋਗਤਾ ਨੂੰ ਨਿਰੰਤਰ ਨਿਖਾਰ ਸਕੀਏ, ਕਿਵੇਂ ਨਿਮਰ ਰਹਿ ਕੇ ਹੋਰਾਂ ਤੋਂ ਸਿੱਖ ਸਕੀਏ ਅਤੇ ਕਿਵੇਂ ਅਸਲ ਵਿਚ ਕਰਮ-ਮਾਰਗ 'ਤੇ ਚੱਲ ਕੇ ਆਪਣੀ ਪਛਾਣ ਬਣਾਈਏ। ਸਾਡੇ ਵਿਚਾਰ, ਸਾਡਾ ਵਿਵਹਾਰ ਅਤੇ ਸਾਡੀ ਮਿਹਨਤ ਹੀ ਸਾਡੀ ਸੱਚੀ ਪਛਾਣ ਹੋਣੀ ਚਾਹੀਦੀ ਹੈ, ਨਾ ਕਿ ਅਹੁਦਾ ਜਾਂ ਦਿਖਾਵਾ। ਸੋ ਅੰਤ ਵਿੱਚ ਅਸੀਂ ਆਪਣੇ ਆਪ ਨੂੰ ਇਹ ਸਵਾਲ ਪੁੱਛੀਏ- 'ਕੀ ਮੈਂ ਅਸਲ ਵਿਚ ਭਰਿਆ ਹੋਇਆ ਹਾਂ ਜਾਂ ਸਿਰਫ਼ ਛਲਕ ਰਿਹਾ ਹਾਂ ?' ਇਸ ਸਵਾਲ ਨਾਲ ਹੀ ਸਾਡੀ ਅਸਲੀ ਵਿਕਾਸ ਯਾਤਰਾ ਦੀ ਸ਼ੁਰੂਆਤ ਹੋ ਸਕਦੀ ਹੈ।

# ਬਾਲ ਕਹਾਣੀ : ਕੋਸ਼ਿਸ਼ ਤਾਂ ਕਰੀਏ....

ਇੱਕ ਵਾਰ ਦੀ ਗੱਲ ਹੈ। ਦੂਰ ਪਿੰਡ ਵਿੱਚ ਇੱਕ ਲੜਕਾ ਰਹਿੰਦਾ ਸੀ। ਉਸਦਾ ਨਾਂ ਸੀ ਭੀਰੂ। ਭੀਰੂ ਪੜ੍ਹਨ ਵਿੱਚ ਕਾਫ਼ੀ ਹੁਸ਼ਿਆਰ ਤਾਂ ਸੀ ਹੀ , ਪਰ ਬੜਾ ਬੁੱਧੀਮਾਨ ਅਤੇ ਚਤੁਰ ਵੀ ਸੀ। ਬਰਸਾਤ ਦਾ ਮੌਸਮ ਆਇਆ ਤਾਂ ਭੀਰੂ ਨੇ ਸਭ ਦੇ ਭਲੇ ਦੇ ਲਈ ਆਪਣੇ ਸਕੂਲ , ਆਪਣੇ ਘਰ , ਆਪਣੇ ਖੇਤਾਂ , ਆਪਣੇ ਆਲ਼ੇ - ਦੁਆਲ਼ੇ ਤੇ ਦੂਰ - ਦੁਰਾਡੇ ਜੰਗਲਾਂ ਤੇ ਪਹਾੜਾਂ ਵਿੱਚ ਪੌਦੇ ਲਗਾਉਣੇ ਆਰੰਭ ਕੀਤੇ। ਉਸਦੇ ਨਾਲ ? ਦੇ ਦੋਸਤਾਂ ਨੇ ਉਸ ਦਾ ਮਜਾਕ ਉਡਾਉਣਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਚੰਗਾ - ਮੰਦਾ ਕਿਹਾ , ਉਸਦੀ ਖਿੱਲੀ ਉਡਾਈ। ਪਰ ਭੀਰੂ ਨੂੰ ਆਪਣੀ ਨਿਸ਼ਕਾਮ ਮਿਹਨਤ ਅਤੇ ਪਰਮਾਤਮਾ 'ਤੇ ਪੂਰਾ ਭਰੋਸਾ ਸੀ। ਉਸ ਨੂੰ ਪੂਰਾ ਯਕੀਨ ਸੀ ਕਿ ਇਹਨਾਂ ਪੌਦਿਆਂ ਦੀ ਉਹ ਸੰਭਾਲ ਕਰੇਗਾ ਤੇ ਇਹ ਪੌਦੇ ਇੱਕ ਦਿਨ ਜਰੂਰ ਵਾਤਾਵਰਨ , ਪੰਛੀਆਂ ਤੇ ਜੰਗਲੀ ਜਾਨਵਰਾਂ ਦੇ ਲਈ ਲਾਭਦਾਇਕ ਹੋਣਗੇ। ਸਮਾਂ ਬੀਤਦਾ ਗਿਆ। ਭੀਰੂ ਨੇ ਲਗਾਏ ਹੋਏ ਪੌਦਿਆਂ ਦੀ ਸੱਚੇ ਦਿਲੋਂ ਸੇਵਾ ਕੀਤੀ ਤੇ ਉਹਨਾਂ ਦੀ ਸੰਭਾਲ ਕੀਤੀ। ਉਹ ਗਰਮੀ ਦੇ ਮੌਸਮ ਵਿੱਚ ਵੀ ਪੌਦਿਆਂ ਨੂੰ ਪਾਣੀ ਪਾਉਂਦਾ ਰਿਹਾ। ਹੌਲੀ - ਹੌਲੀ ਉਸਦੇ ਲਗਾਏ ਪੌਦੇ ਵੱਡੇ ਹੋ ਗਏ। ਇਹਨਾਂ ਨੂੰ ਫਲ਼ ਲੱਗਣੇ ਅਰੰਭ ਹੋ ਗਏ। ਪੰਛੀ ਉਹਨਾਂ 'ਤੇ ਆਲ੍ਹਣੇ ਪਾਉਣ ਲੱਗੇ। ਇੱਕ ਦਿਨ ਭੀਰੂ ਦੀ ਕੋਸ਼ਿਸ਼ ਰੰਗ ਲਿਆਈ। ਉਸ ਵੱਲੋਂ ਕੀਤੇ ਚੰਗੇ ਕੰਮਾਂ ਦੇ ਲਈ ਉਸ ਨੂੰ ਸਨਮਾਨ ਮਿਲਿਆ। ਜਿਹੜੇ ਲੋਕ ਉਸਦਾ ਮਜਾਕ ਉਡਾਉਂਦੇ ਸਨ , ਉਸਦੀ ਵਿਰੋਧਤਾ ਕਰਦੇ ਸਨ , ਹੁਣ ਉਹ ਸ਼ਰਮਿੰਦਾ ਸਨ ਤੇ ਉਹ ਅੱਜ ਵੀਰੂ ਨੂੰ ਵਧਾਈ ਦੇ ਰਹੇ ਸਨ। ਉਹਨਾਂ ਨੇ ਭੀਰੂ ਕੋਲੋਂ ਮਾਫੀ ਵੀ ਮੰਗੀ , ਪਰ ਭੀਰੂ ਨੇ ਕਿਹਾ , ÷ ਨਹੀਂ ! ਮੇਰੇ ਦੋਸਤੋ ! ਭਾਵੇਂ ਮੇਰਾ ਕਿਸੇ ਨੇ ਮਜ਼ਾਕ ਉਡਾਇਆ , ਮੇਰੀ ਖਿੱਲੀ ਉਡਾਈ ਤੇ ਮੇਰੀ ਬਿਨਾਂ ਵਜਾਹ ਵਿਰੋਧਤਾ ਕੀਤੀ , ਪਰ ਮੈਨੂੰ ਪਤਾ ਸੀ ਕਿ ਮੈਂ ਚੰਗੇ ਤੇ ਪਰਉਪਕਾਰੀ ਕੰਮ ਕਰਦਾ ਹਾਂ ਤੇ ਕਰਦਾ ਰਹਾਂਗਾ ; ਭਾਵੇਂ ਕੋਈ ਮੇਰੀ ਵਿਰੋਧਤਾ ਕਰੇ , ਭਾਵੇਂ ਮੇਰੀ ਕੋਈ ਇੱਜਤ ਨਾ ਕਰੇ , ਭਾਵਾਂ ਮੈਨੂੰ ਕੋਈ ਸ਼ਾਬਾਸ਼ ਨਾ ਦੇਵੇ ; ਕਿਉਂਕਿ ਪਰਮਾਤਮਾ ਤਾਂ ਸਭ ਦੇਖ ਹੀ ਰਿਹਾ ਹੈ ਤੇ ਕੁਦਰਤ ਸਾਡੇ ਹਰ ਕਰਮ ਦਾ ਸਾਨੂੰ ਫ਼ਲ਼ ਜ਼ਰੂਰ ਹੀ ਦਿੰਦੀ ਹੈ। ÷ ਭੀਰੂ ਦੀਆਂ ਇਹ ਗੱਲਾਂ ਸੁਣ ਕੇ ਹੁਣ ਉਸਦੇ ਦੋਸਤ ਬਹੁਤ ਸ਼ਰਮਿੰਦਾ ਸਨ। ਭੀਰੂ ਨੇ ਉਹਨਾਂ ਦੋਸਤਾਂ ਨੂੰ ਮਾਫ ਕਰ ਦਿੱਤਾ ਸੀ। ਸਿੱਖਿਆ : ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਪਰਉਪਕਾਰ ਭਾਵਨਾ ਨਾਲ ? ਚੰਗੇ ਕੰਮ ਕਰਦੇ ਰਹਿਣਾ ਚਾਹੀਦਾ ਹੈ , ਭਾਵੇਂ ਕੋਈ ਸਾਡੀ ਸਿਫਤ ਕਰੇ ਜਾਂ ਨਾ ਕਰੇ। ਭਾਵੇਂ ਕੋਈ ਸਾਡੀ ਵਿਰੋਧਤਾ ਕਰੇ , ਪਰ ਸਾਨੂੰ ਚੰਗੀ ਕੋਸ਼ਿਸ਼ ਜਰੂਰ ਕਰਦੇ ਰਹਿਣਾ ਚਾਹੀਦਾ ਹੈ ; ਕਿਉਂਕਿ ਕੋਸ਼ਿਸ਼ ਕਰਨ ਵਾਲ਼ੇ ਹੀ ਇੱਕ ਦਿਨ ਮੰਜ਼ਿਲਾਂ ਸਰ ਕਰਦੇ ਨੇ।

ਨਿਊਜ਼ਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ

# ਜਵਾਨ ਬੱਚੇ ਸਮਝਦਾਰੀ ਤੋਂ ਕੰਮ ਲੈਣ

ਬਚਪਨ ਤੋਂ ਨਿਕਲ ਕੇ ਬੱਚੇ ਜਦ ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖਦੇ ਹਨ। ਉਹਨਾ ਦੇ ਵਿੱਚ ਬਹੁਤ ਸਾਰੀਆਂ ਸਰੀਰਕ ਅਤੇ ਮਾਨਸਿਕ ਤਬਦੀਲੀਆਂ ਆਉਦੀਆਂ ਹਨ। ਜਿਆਦਾਤਰ ਜਵਾਨ ਬੱਚਿਆ ਦੀ ਦਿਲਚਸਪੀ ਆਪਣੇ ਪਰਿਵਾਰ ਨਾਲ ਘੱਟ ਜਾਂਦੀ ਹੈ ਅਤੇ ਉਹਨਾਂ ਨੂੰ ਬਾਹਰ ਨਵੇਂ ਦੋਸਤ ਬਣਾਉਣੇ ਤੇ ਉਹਨਾਂ ਨਾਲ ਸਮਾਂ ਬਤੀਤ ਕਰਨਾ ਵਧੀਆ ਲੱਗਦਾ ਹੈ। ਇਸ ਦੋਸਤੀ ਵਿਚ ਹਰੇਕ ਆਪਣੇ-ਆਪ ਨੂੰ ਵਧੀਆ, ਅਮੀਰ, ਗੁਣਵਾਨ, ਦਲੇਰ ਆਦਿ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਉਸ ਦਾ ਪ੍ਰਭਾਵ ਦੂਸਰਿਆਂ ਤੇ ਵਧੀਆ ਪਵੇਂ। ਇਸ ਪ੍ਰਭਾਵ ਨੂੰ ਬਣਾਉਣ ਲਈ ਕਈ ਵਾਰ ਜਵਾਨ ਬੱਚੇ ਇਸ ਤਰਾਂ ਦੀਆ ਕੋਝੀਆਂ ਹਰਕਤਾਂ ਕਰ ਜਾਂਦੇ ਹਨ। ਜਿਹੜੀਆਂ ਕਿ ਕਿਸੇ ਦੁਰਘਟਨਾ ਦਾ ਕਾਰਨ ਬਣ ਜਾਦੀਆਂ ਹਨ। ਇਹਨਾਂ ਹਰਕਤਾਂ ਵਿਚ ਮੁੱਖ ਤੌਰ ਤੇ ਤੇਜ ਜਾਂ ਹੱਥ ਛੱਡ ਕੇ ਵਾਹਨ ਚਲਾਉਣਾ, ਵਾਹਨ ਚਲਾਉਂਦੇ ਸਮੇਂ ਮੋਬਾਈਲ ਦੀ ਵਰਤੋਂ ਕਰਨਾ, ਸਟੰਟ ਮਾਰਨੇ, ਪੈਦਲ ਚਲਦੇ ਜਾਂ ਦੋ ਪਹੀਆ ਵਾਹਨ ਚਲਾਉਂਦੇ ਸਮੇਂ ਹੈਂਡ ਫੋਨ ਦੀ ਵਰਤੋਂ ਕਰਨੀ। ਡੂੰਘੇ ਪਾਣੀ ਦੇ ਨੇੜੇ ਜਾਂ ਕਿਸੇ ਖਤਰਨਾਕ ਪਹਾੜ ਦੇ ਕੰਢੇ ਤੇ ਖਲੋ ਕੇ ਫੋਟੋਆਂ ਖਿੱਚਣਾ, ਤੇਜ ਆ ਰਹੀ ਰੇਲ ਗੱਡੀ ਦੀ ਪੱਟੜੀ ਤੇ ਖਲੋ ਕੇ ਜਾਂ ਨੇੜੇ ਆ ਰਹੀ ਗੱਡੀ ਦੀ ਪੱਟੜੀ ਤੋਂ ਭੱਜ ਕੇ ਲੰਘਣਾ ਤੇ ਰੀਲਾਂ ਬਣਾਉਣੀਆਂ , ਅਣਜਾਣ ਪਾਣੀ ਵਿੱਚ ਬਿਨਾ ਸੁਰੱਖਿਆ ਪ੍ਰਬੰਧਾਂ ਦੇ ਨਹਾਉਣਾ ਆਦਿ। ਜਿਆਦਾਤਰ ਇਹ ਹਰਕਤਾਂ ਜਵਾਨੀ ਦੀ ਦਹਿਲੀਜ਼ ਵਿੱਚ ਪੈਰ ਰੱਖ ਰਹੇ ਬੱਚੇ ਹੀ ਕਰਦੇ ਹਨ। ਉਹ ਇਹਨਾਂ ਹਰਕਤਾਂ ਨੂੰ ਆਪਣੀ ਬਹਾਦਰੀ ਸਮਝਦੇ ਹਨ। ਜਦ ਕਿ ਇਹ ਸਭ ਸਰਾਸਰ ਗਲਤ ਹੈ। ਇਹਨਾਂ ਬੱਚਿਆ ਦੀ ਸੋਚ ਵਿੱਚ ਆਪਣੇ ਤੇ ਆਪਣੇ ਪਰਿਵਾਰ ਪ ?ਤੀ ਜਿੰਮੇਵਾਰ ਹੋਣਾ ਬਹੁਤ ਜਰੂਰੀ ਹੈ। ਇੱਕ ਬੱਚੇ ਦੀ ਪਰਵਿਸ ਪੜਾਈ - ਲਿਖਾਈ ਆਦਿ ਕਰਵਾਉਣ ਪਿੱਛੇ ਪਰਿਵਾਰ ਨੂੰ ਬਹੁਤ ਸਾਰੀ ਘਾਲਣਾ ਘਾਲਣੀ ਅਤੇ ਪੈਸਾ ਖਰਚਣਾ ਪੈਂਦਾ ਹੈ। ਜੇਕਰ ਕਿਸੇ ਬੱਚੇ ਵੱਲੋਂ ਕੀਤੀ ਗਲਤੀ ਜਾਨ ਲੇਵਾ ਸਿੱਧ ਹੋ ਜਾਵੇ ਜਾਂ ਫਿਰ ਉਹ ਅਪਾਹਜ (ਦਿਵਿਆਂਗ) ਹੋ ਜਾਵੇਂ ਤਾਂ ਇਸ ਦੀ ਸਜ਼ਾ ਸਾਰੇ ਪਰਿਵਾਰ ਨੂੰ ਬਿਨਾ ਕਸੂਰ ਕੀਤੇ ਸਾਰੀ ਉਮਰ ਲਈ ਝਲਣੀਂ ਪੈਦੀਂ ਹੈ। ਸੋ ਇਹਨਾ ਜਵਾਨ ਬੱਚਿਆ ਲਈ ਜਰੂਰੀ ਹੈ ਕਿ ਉਹ ਆਪਣੇ ਫਰਜ਼ਾ ਨੂੰ ਪਛਾਣਦੇ ਹੋਏ ਚੰਗੇ ਤਰੀਕੇ ਨਾਲ ਪੜਾਈ ਕਰਨ ਤਾਂ ਜੋ ਇਕ ਖੁਸ਼ਹਾਲ ਭਵਿੱਖ ਦੀ ਸਿਰਜਣਾ ਕਰ ਸਕਣ ਨਾ ਕਿ ਫੁਕਰਪੁਣਾ ਉਹਨਾਂ ਲਈ ਕਿਸੇ ਮੁਸੀਬਤ ਦਾ ਕਾਰਨ ਬਣ ਜਾਵੇ।

ਨਿਊਜ਼ਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਗੁਰਿੰਦਰ ਕਲੇਰ
ਮੋਬਾਈਲ ਨੰਬਰ 9914538888

# ਰਿਸ਼ਤਿਆਂ ਦੀ ਤਾਜ਼ਗੀ ਤੇ ਭੈਣਾਂ ਦੀ ਖੁਸ਼ੀ ਦਾ ਮਹੀਨਾ- ਸਾਉਣ



ਸਾਉਣ ਦੀ ਆਮਦ ਨਾਲ ਹੀ ਕੁੜੀਆਂ ਦੇ ਦਿਲਾਂ ਵਿੱਚ ਨਵੇਂ ਅਰਮਾਨ ਜਨਮ ਲੈ ਲੈਂਦੇ ਹਨ। ਮੀਂਹਾਂ ਭਰਿਆ ਇਹ ਸੁਹਾਵਣਾ ਮੌਸਮ ਜਿਵੇਂ ਉਹਨਾਂ ਦੇ ਮਨ ਨੂੰ ਛੂਹ ਜਾਂਦਾ ਹੈ। ਇਹ ਰੁੱਤ ਸਿਰਫ਼ ਹਰੇ-ਭਰੇ ਦਰਖ਼ਤਾਂ ਦੀ ਨਹੀਂ, ਸਗੋਂ ਭੈਣਾਂ ਦੇ ਇੰਤਜ਼ਾਰ, ਪਿਆਰ, ਮਾਣ ਅਤੇ ਯਾਦਾਂ ਦੀ ਰੁੱਤ ਹੈ। ਵਿਆਹੀਆਂ ਧੀਆਂ ਜਦੋਂ ਆਪਣੇ ਸਹੁਰੇ ਘਰ ਵਿੱਚ ਸਾਉਣ ਦੇ ਸੰਧਾਰੇ ਦੀ ਉਡੀਕ ਕਰਦੀਆਂ ਹਨ, ਤਾਂ ਇਹ ਉਡੀਕ ਸਿਰਫ਼ ਇਕ ਤੋਹਫੇ ਦੀ ਨਹੀਂ ਹੁੰਦੀ, ਇਹ ਉਡੀਕ ਹੁੰਦੀ ਹੈ ਮਾਪਿਆਂ ਦੇ ਲਾਡ, ਭਰਾਵਾਂ ਦੀ ਯਾਦ ਅਤੇ ਪੇਕੇ ਘਰ ਨਾਲ ਜੁੜੀ ਅਣਮਿੱਟ ਮਮਤਾਂ ਦੀ, ਜਦੋਂ ਭਰਾ ਜਾਂ ਮਾਪੇ ਸੰਧਾਰਾ ਲੈ ਕੇ ਆਉਂਦੇ ਹਨ ਕਦੇ ਸੂਟ, ਕਦੇ ਬੱਚਿਆਂ ਲਈ ਕੱਪੜੇ, ਬਿਸਕੁਟ ਜਾਂ ਮਠਿਆਈਆਂ ਇਹ ਤੋਹਫੇ ਸਿਰਫ ਵਸਤੂ ਨਹੀਂ, ਭੈਣ ਲਈ ਭਾਵਨਾਵਾਂ ਦਾ ਸੰਦੇਸ਼ ਹੁੰਦੇ ਹਨ। ਉਹ ਆਪਣਾ ਸੰਧਾਰਾ ਚਾਅ ਨਾਲ ਸਭ ਨੂੰ ਦਿਖਾਉਂਦੀ ਹੈ ਅਤੇ ਇਹ ਮਾਣ ਸਹੁਰੇ ਪਰਿਵਾਰ ਵਿਚ ਦੂਣਾ ਹੋ ਜਾਂਦਾ ਹੈ। ਪਰ ਜੇ ਕਦੇ ਇਹ ਸੰਧਾਰਾ ਦੇਰ ਨਾਲ ਆਵੇ, ਤਾਂ ਉਸ ਦੇ ਦਿਲ ਵਿੱਚ ਥੋੜ੍ਹੀ ਨਾਰਾਜ਼ਗੀ ਵੀ ਆ ਵੱਸਦੀ ਹੈ। ਹਰ ਰੋਜ਼ ਉਹ ਉਡੀਕ ਕਰਦੀ ਹੈ ਕਿ ਕਦੋਂ ਭਰਾ ਆਵੇਗਾ, ਕਦੋਂ ਉਹ ਪੇਕੇ ਘਰ ਦੀ ਮਹਿਕ ਲਿਆਵੇਗਾ। ਸਾਉਣ ਦਾ ਮਹੀਨਾ ਸਿਰਫ਼ ਤੋਹਫਿਆਂ ਦੀ ਗੱਲ ਨਹੀਂ, ਇਹ ਤੀਆਂ ਦਾ ਮਹੀਨਾ ਹੈ। ਪੰਜਾਬੀ ਸਭਿਆਚਾਰ ਵਿੱਚ ਤੀਆਂ ਰੰਗ ਬਿਰੰਗੀ ਰਿਵਾਇਤ ਹੈ। ਸੋਹਣੇ ਕੱਪੜੇ, ਗਹਿਣੇ, ਗਿੱਧੇ, ਬੋਲੀਆਂ ਅਤੇ ਮੇਲੇ, ਇਹ ਸਭ ਕੁਝ ਸਾਉਣ ਦੀ ਰੂਹ ਹਨ। ਕੁੜੀਆਂ ਇਕੱਠੀਆਂ ਹੋ ਕੇ ਤੀਆਂ ਲਾਉਂਦੀਆਂ ਹਨ, ਆਪਣੇ ਦਿਲ ਦੀਆਂ ਗੱਲਾਂ ਬੋਲੀਆਂ ਰਾਹੀਂ ਪ੍ਰਗਟ ਕਰਦੀਆਂ ਹਨ ਅਤੇ ਖੁਸ਼ੀ-ਖੁਸ਼ੀ ਸਾਉਣ ਦਾ ਤਿਉਹਾਰ ਮਨਾਉਂਦੀਆਂ ਹਨ। ਸਾਉਣ ਇਕ ਅਜਿਹਾ ਮਹੀਨਾ ਹੈ ਜੋ ਰਿਸ਼ਤਿਆਂ ਦੀ ਗੂੰਜ, ਭੈਣਾਂ ਦੀ ਖੁਸ਼ੀ, ਭਰਾਵਾਂ ਦੀ ਜ਼ਿੰਮੇਵਾਰੀ ਅਤੇ ਮਾਪਿਆਂ ਦੇ ਪਿਆਰ ਦੀ ਮਿਸਾਲ ਬਣ ਜਾਂਦਾ ਹੈ। ਇਹ ਰੁੱਤ ਪੰਜਾਬੀ ਸਭਿਆਚਾਰ ਨੂੰ ਇਕ ਨਵੀਂ ਚਮਕ ਦਿੰਦੀ ਹੈ, ਜਿੱਥੇ ਤੋਹਫੇ ਸਿਰਫ਼ ਵਸਤੂ ਨਹੀਂ, ਸਗੋਂ ਭਾਵਨਾਵਾਂ ਦੇ ਤਿਉਹਾਰ ਬਣ ਜਾਂਦੇ ਹਨ।

ਨਿਊਜ਼ਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਖਵਿੰਦਰ ਸਿੰਘ ਹੈਪੀ

# ਪ੍ਰੀਤ ਫੁਲਵਾੜੀ

## ਪੌਦਿਆਂ ਨੂੰ ਲਗਾਉਂਦੇ ਜੋ

ਵਾਤਾਵਰਨ ਖੁਸ਼ਹਾਲ ਬਣਾਉਂਦੇ ਉਹ ,
ਆਪ ਵੀ ਵਧੀਆ ਜ਼ਿੰਦਗੀ ਜਿਉਂਦੇ
ਦੂਜਿਆਂ ਨੂੰ ਵੀ ਹਸਾਉਂਦੇ ਉਹ।
ਜੀਅ - ਜੰਤ ਦੀ ਸੇਵਾ ਕਰਕੇ
ਜੀਵਨ ਸਫਲ ਬਣਾਉਂਦੇ ਉਹ ,
ਸਭ ਲਈ ਖੁਸ਼ਨੁਮਾ ਮਾਹੌਲ ਸਿਰਜ ਕੇ
'ਇਨਸਾਨੀਅਤ ਧਰਮ' ਨਿਭਾਉਂਦੇ ਉਹ।
ਪੌਦਿਆਂ ਨੂੰ ਲਗਾਉਂਦੇ ਜੋ
ਸਭ ਨੂੰ ਹਸਾਉਂਦੇ ਉਹ ,
ਪੰਛੀ - ਪਰਿੰਦਿਆਂ ਲਈ ਘਰ ਬਣਾ ਕੇ
ਖੁਸ਼ਬੋਆਂ ਹੀ ਫੈਲਾਉਂਦੇ ਉਹ।
ਪੌਦਿਆਂ ਦੀ ਸੇਵਾ - ਸੰਭਾਲ ਕਰਕੇ
ਪਰਉਪਕਾਰ ਕਮਾਉਂਦੇ ਉਹ ,
ਹਰ ਇੱਕ ਲਈ ਸ਼ੁੱਧ ਹਵਾ ਦੇ ਕੇ
ਚੰਗੇ ਨਾਗਰਿਕ ਦਾ ਫਰਜ਼ ਨਿਭਾਉਂਦੇ ਉਹ।
ਬਰਸਾਤ ਦੇ ਮੌਸਮ ਵਿੱਚ
ਵੱਧ ਤੋਂ ਵੱਧ ਪੌਦੇ ਲਗਾਉਂਦੇ ਜੋ ,
ਵਰਖਾ ਦਾ ਤਿਉਹਾਰ ਖੂਬ
ਮਨੁੱਖਤਾ ਲਈ ਮਨਾਉਂਦੇ ਉਹ।
ਪੌਦਿਆਂ ਨੂੰ ਦਰੱਖ਼ਤ ਬਣਾ ਕੇ
ਕੁਦਰਤ ਨੂੰ ਖਿਲਖਿਲਾਉਂਦੇ ਉਹ ,
ਪੌਦਿਆਂ ਨੂੰ ਲਗਾਉਂਦੇ ਜੋ
ਵਾਤਾਵਰਨ ਖੁਸ਼ਹਾਲ ਬਣਾਉਂਦੇ ਉਹ ,
'ਇਨਸਾਨੀਅਤ ਦੇ ਪਹਿਰੇਦਾਰ' ਅਖਵਾਉਂਦੇ ਉਹ
'ਮਾਨਵਤਾ ਧਰਮ' ਨਿਭਾਉਂਦੇ ਉਹ।

ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
**ਸ੍ਰੀ ਅਨੰਦਪੁਰ ਸਾਹਿਬ**
9478561356

## ਮਾੜਾ ਧੀ ਪੁੱਤ

ਸਬਰ ਟੁੱਟਦੇ, ਕੁੱਝ ਜੁੜਿਆ ਨਹੀਂ ਰਹਿੰਦਾ,
ਘਰਦਾ ਕਲੇਸ਼ ਖਾ ਜਾਂਦਾ ਮਰਦਾਂ ਨੂੰ,,
ਉਹ ਬੰਦੇ ਅੱਗੇ ਦਰਦ ਫਰੋਲਣੇ ਕੀ ਹੁੰਦੇ,
ਜਿਹੜਾ ਮਜ਼ਾਕ ਚ ਲਿਜਾਵੇ ਦਰਦਾਂ ਨੂੰ,,
ਚੜੀ ਪਰਤ ਚਿਹਰਿਆਂ ਤੇ ਅਣਖ਼ ਇੱਜ਼ਤ ਦੀ,
ਖਾਰੇ ਹੰਝੂਆਂ ਨਾਲ ਧੁਆ ਦਿੰਦੇ,
ਮਾੜਾ ਵਕਤ ਮੰਗਣ ਲਾਵੇ ਦਰ ਦਰ ਤੇ,
ਮਾੜਾ ਧੀ ਪੁੱਤ ਨੀਵੀਆਂ ਪੁਆ ਦੇਵੇ,
ਸੰਦ ਵਰਤੀਂ ਦੇ ਯਾਰਾਂ ਨਾਲ ਵਰਤੀਂ ਦਾ,,
ਕਿਸੇ ਦੀ ਸ਼ਰੀਫੀ ਦਾ ਫ਼ਾਇਦਾ ਨਹੀਂ ਚੁੱਕੀ ਦਾ,
ਬਲਕਾਰ ਜਾਨ ਜਾਂਦੀ ਜਾਵੇ ਲੱਖ ਵਾਰੀ,,
ਪਰ ਕਦੇ ਵੀ ਥੁੱਕ ਕੇ ਨਹੀਂ ਚੱਟੀ ਦਾ,
ਹਾਸਿਆਂ ਨਾਲ ਮੁਲਾਹਜ਼ਾ ਜੀਹਦਾ ਗੂੜਾ,
ਉਹੀ ਉਹਨਾਂ ਤੋਂ ਦਰਦ ਢੋਆ ਜਾਂਦੇ,
ਮਾੜਾ ਵਕਤ ਮੰਗਣ ਲਾ ਦੇਵੇ ਦਰ ਦਰ ਤੇ,
ਮਾੜਾ ਧੀ ਪੁੱਤ ਨੀਵੀਆਂ ਪੁਆ ਦਿੰਦਾ,
ਬਿਨਾਂ ਸਬੂਤਾਂ ਤੋਂ ਭੰਡਣਾ ਗੱਲ ਠੀਕ ਨਹੀਂ,
ਐਵੇਂ ਕਿਸੇ ਤੇ ਉਂਗਲ ਨਹੀਂ ਉਠਾਈ ਦੀ,
ਕਿਸੇ ਟਾਈਮ ਕੋਈ ਵੱਡਾ ਹਾਦਸਾ ਹੋ ਜਾਂਦਾ,
ਜੀਭ ਤੇ ਮਸੀਨਰੀ ਵੇਖ ਕੇ ਚਲਾਈਂ ਦੀ,
ਮੰਜ਼ਿਲਾਂ ਤੇ ਪਹੁੰਚਣ ਲਈ ਜਿਗਰਾ ਚਾਹੀਦਾ,
ਮੱਖਣ ?ਸੇ ?ਰੋਂ ਹਾਰਨ ਜਿਹੜੇ ਭੁਲਾ ਜਾਂਦੇ,
ਮਾੜਾ ਵਕਤ ਮੰਗਣ ਲਾ ਦੇਵੇ ਦਰ ਦਰ ਤੇ,
ਮਾੜਾ ਧੀ ਪੁੱਤ ਨੀਵੀਆਂ ਪੁਆ ਦਿੰਦਾ,

ਮੱਖਣ ?ਸੇ ?ਰੋਂ ਵਾਲਾ
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜ਼ਿਲ੍ਹਾ ਸੰਗਰੂਰ**
**ਸੰਪਰਕ** 98787-98726

## ਇਖ਼ਲਾਕ

ਦੇਸ਼ ਮੇਰੇ ਦੇ ਲੋਕਾਂ ਦਾ ਹੁਣ, ਡਿੱਗ ਚੁੱਕਾ ਇਖ਼ਲਾਕ।
ਬੇਗਾਨੇ ਬੇਗਾਨਿਆਂ ਦੇ ਵੱਲ, ਕਿੱਦਾਂ ਰਹੇ ਨੇ ਝਾਕ।
ਭਾਈ, ਭੈਣਾਂ, ਰਿਸ਼ਤੇਦਾਰਾਂ, ਦੇ ਨੇ ਅਪਣੇ ਰਸਤੇ
ਅੱਜਕੱਲ੍ਹ ਪਹਿਲਾਂ ਵਰਗਾ ਕਿਧਰੇ, ਮਿਲਦਾ ਨਹੀਂ ਹੈ ਸਾਕ।
ਦੇਸ਼ਾਂ ਤੇ ਸ਼ਹਿਰਾਂ ਦੇ ਲੋਕਾਂ, ਦੀ ਗੱਲ ਛੱਡੋ ਭਾਈ
ਪਿਓ-ਪੁੱਤਰ ਤੇ ਮਾਂ-ਬੇਟੀ ਦਾ, ਰਿਹਾ ਨਾ ਹਿਰਦਾ ਪਾਕ।
ਤਕਨਾਲੋਜੀ ਦੇ ਯੁੱਗ ਵਿੱਚ ਹਾਏ, ਸਾਰੇ ਹੋਏ ਪਰਾਏ
ਪਿਆਰ ਦੇ ਨਾਲ਼ ਬੁਲਾਉਣਾ ਭੁੱਲੇ, ਕੋਈ ਨਾ ਮਾਰੇ ਹਾਕ।
ਵੇਖਣ ਨੂੰ ਸਭ ਚੰਗੇ-ਭਲੇ ਨੇ, ਸੋਹਣੀਆਂ ਦਿੱਸਣ ਸ਼ਕਲਾਂ
ਪਰ ਜਦ ਬੋਲ ਨਿਕਲਦੇ ਮੂੰਹੋਂ, ਹਿਰਦਾ ਹੁੰਦਾ ਚਾਕ।
ਸਭ ਦੀ ਰਹਿਣੀ-ਬਹਿਣੀ ਵੱਖਰੀ, ਆਇਆ ਕੌਣ ਜ਼ਮਾਨਾ
ਧਰਮ-ਸਥਾਨੀਂ ਰੁਲ਼ਦੀਆਂ ਪੱਗਾਂ, ਸੁਣਦਾ ਨਾ ਗੁਰ-ਵਾਕ।
ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਦਾ, ਹਰ ਥਾਂ ਸ਼ੋਰ ਸੁਣੀਂਦਾ
ਔਰਤ ਦੀ ਪੱਤ ਲੁੱਟਣ ਵਾਲ਼ੇ, ਰੁਲ਼ਦੇ ਵੇਖੇ ਖ਼ਾਕ।
ਸਭ ਦਾ ਮਾਲਕ ਸਭ ਕੁਝ ਜਾਣੇ, ਛਲ ਕਰਦੀ ਹੈ ਦੁਨੀਆਂ
ਚੋਰੀ-ਠੱਗੀ ਕਰਦੇ ਲੋਕੀਂ, ਬਣ ਕੇ ਬਹਿਣ ਚਲਾਕ।
ਦੋ ਬੇੜੀਆਂ ਵਿੱਚ ਪੈਰ ਜੋ ਰੱਖਣ, ਮੈਂ ਹਨ ਡੁੱਬਦੇ ਵੇਖੇ
ਪੁਜਦੇ ਨਾ ਉਹ ਕਿਸੇ ਕਿਨਾਰੇ, ਖ਼ੁਦ ਨੂੰ ਕਹਿਣ ਤੈਰਾਕ।
ਬੁਰੇ ਚਰਿੱਤਰ ਵਾਲ਼ਿਆਂ ਨੂੰ ਫਿਰ, ਰੱਬ ਹੀ ਕਰਦਾ ਸਿੱਧਾ
ਉਹਦੀ ਲਾਠੀ ਵੱਜਦੀ ਹੈ ਜਦ, ਮੂਲ ਨਾ ਕਰੇ ਖੜਾਕ।

**ਪ੍ਰੋ. ਨਵ ਸੰਗੀਤ ਸਿੰਘ**
(9417692015)

## ਸਉਣ ਮਹੀਨਾ

ਸਉਣ ਮਹੀਨਾ ਦਿਨ ਤੀਆਂ ਦੇ,
ਪਿੱਪਲੀਂ ਪੀਂਘਾਂ ਪਾਈਆਂ।
'ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ,
ਨਣਦਾਂ ਤੇ ਭਰਜਾਈਆਂ।
ਹਾਸਾ-ਠੱਠਾ ਕਰਦੀਆਂ ਮਿਲ ਕੇ,
ਦਿੰਦੀਆਂ ਖ਼ੂਬ ਵਧਾਈਆਂ।
ਖ਼ੁਸ਼ੀ ਵੱਸੇ ਇਹ ਨਗਰ-ਖੇੜਾ,
ਜਿਸ ਵਿੱਛੜੀਆਂ ਆਣ ਮਿਲਾਈਆਂ।
ਰੰਗ-ਬਰੰਗੇ ਘੱਗਰੇ ਪਾਏ,
ਦੇਵੇ ਰੂਪ ਦੁਹਾਈਆਂ।
ਉੱਚੀ-ਉੱਚੀ ਪਾਉਣ ਬੋਲੀਆਂ,
ਅੰਬਰ-ਘਟਾਵਾਂ ਛਾਈਆਂ।
ਆ ਕੇ ਮਿਲ ਜਾ ਹਾਣ ਦਿਆ ਵੇ,
ਅੱਖੀਆਂ ਨੇ ਤ੍ਰਿਹਾਈਆਂ।
ਯਾਦ ਤੇਰੀ ਵਿੱਚ ਦੀਦੇ ਛਲਕਣ,
ਸਹਿ ਨਾ ਸਕਾਂ ਜੁਦਾਈਆਂ।
ਚਾਰੇ ਪਾਸੇ ਢੂੰਡਾਂ, ਜਿਸ ਨਾਲ,
ਵਿੱਚ ਜਵਾਨੀ ਲਾਈਆਂ।
ਬਿਨ ਤੇਰੇ ਤੋਂ ਸਾਰੀਆਂ ਘੜੀਆਂ,
ਬ੍ਰਿਹਾ ਵਿੱਚ ਬਿਤਾਈਆਂ।
ਦਿਲ ਮੇਰੇ 'ਚੋਂ ਛੱਲਾਂ ਉੱਠਣ,
ਕਿਉਂ ਸੀ ਅੱਖੀਆਂ ਲਾਈਆਂ।
ਕਰਕੇ ਚੇਤੇ ਓਸ ਸਮੇਂ ਨੂੰ,
ਅੱਖਾਂ ਨੇ ਭਰ ਆਈਆਂ।

***ਪ੍ਰੋ. ਨਵ ਸੰਗੀਤ ਸਿੰਘ**
(9417692015)

## ਚੱਲ ਮਰਦਾਨਿਆਂ,,,,,

ਵਿਕ ਗਏ ਰਿਸਤੇ ਨਾਤੇ ਸਾਰੇ
ਵਿਕ ਗਏ ਤੀਵੀਂਆਂ ਬੰਦੇ ਨੇ
ਹੱਥ ਮਿਲਾਉਦੇ ਪਾ ਦਸਤਾਨੇ
ਜਿਵੇਂ ਹੱਥ ਖੂਨ ਨਾਲ ਰੰਗੇ ਨੇ
ਜਦੋਂ ਕੁਚੱਜੀਆਂ ਆਈਆਂ ਨੂੰਹਾਂ
ਘਰ ਬੇਬੇ ਬਾਪੂ ਤੱਕ ਵੰਡੇ ਨੇ
ਲੁੱਟਣਾ ਕੁੱਟਣਾ ਵੱਢਣਾ ਭੱਜਣਾ
ਬਸ ਏਹੀ ਗੋਰਖ ਧੰਦੇ ਨੇ
ਜਿੱਥੇ ਦੁੱਧ ਨੁੱਚੜ ਦਾ ਰੋਟੀਆਂ ਚੋਂ
ਉਹ ਦਰ ਸੱਜਣਾ ਦਾ ਚੱਲ ਮੱਲੀਏ
ਚੱਲ ਮਰਦਾਨਿਆਂ ਚੱਲ ਚੱਲੀਏ
ਚੱਲ ਚੱਕ ਰਵਾਬਾਂ ਚੱਲ ਚੱਲੀਏ
ਚੱਲ ਮਰਦਾਨਿਆਂ ਚੱਲ ਚੱਲੀਏ
ਚੱਲ ਚੱਕ ਰਵਾਬਾਂ ਚੱਲ ਚੱਲੀਏ

ਇਥੇ ਸੋਨਾ ਚਮਕੇ ਮੰਦਰਾਂ ਤੇ
ਉਂਝ ਮਨਾਂ ਚ ਘੁੱਪ ਹਨੇਰਾ ਏ
ਦਿਲ ਤੱਕ ਤਾਂ ਕੁੱਝ ਪਹੁੰਚਿਆ ਨਈ
ਉਝ ਰੌਲਾ ਪਾਇਆ ਬਥੇਰਾ ਏ
ਇਥੇ ਸ਼ਾਜਿਸਾਂ ਭਰੀਆਂ ਰਾਤਾਂ ਨੇ
ਤੇ ਲੱਥਪਥ ਲਾਲ ਸਵੇਰਾ ਏ
ਇਥੇ ਕੋਈ ਕਿਸੇ ਦਾ ਕੁੱਝ ਨਹੀਂ
ਬੱਸ ਮੇਰਾ ਏ ਸਭ ਮੇਰਾ ਏ
ਚੱਲ ਦੇਖ ਓਏ ਭੁੱਖੇ ਸਾਧੂਆਂ ਨੂੰ
ਓਨਾਂ ਦੇ ਵੱਘ ਵਿੱਚ ਚ ਚੱਲ ਰਲੀਏ
ਚੱਲ ਮਰਦਾਨਿਆਂ ਚੱਲ ਚੱਲੀਏ
ਚੱਲ ਚੱਕ ਰਵਾਬਾਂ ਚੱਲ ਚੱਲੀਏ

ਜਾਤ ਪਾਤ ਕਿਤੇ ਉਚ ਨੀਚ
ਇੱਕ ਵਾਰੀ ਫੇਰ ਜਗਾ ਦਿੱਤੀ
ਔਰਤ ਪੈਰਾਂ ਚੋਂ ਕੱਢੀ ਸੀ
ਫੇਰ ਪੈਰ ਦੀ ਜੁੱਤੀ ਬਣਾ ਦਿੱਤੀ
ਮੇਰੀ ਦਾੜ੍ਹੀ ਪੱਗੜੀ ਉਲਝੀ ਸੀ
ਇਹ ਕਿਸਨੇ ਕਿਉਂ ਚਮਕਾ ਦਿੱਤੀ
ਮੈਂ ਮੂਰਤੀ ਪੂਜਾ ਰੋਕੀ ਸੀ
ਤੁਸੀਂ ਮੇਰੀ ਮੂਰਤ ਬਣਾ ਦਿੱਤੀ
ਕਿਉਂ ਬਿਨਾ ਵਜਾਏ ਵੱਜਦੀ ਏਂ
ਚੁੱਪ ਕਰਜਾ ਤੂੰ ਨੀ ਟੱਲੀਏ
ਚੱਲ ਮਰਦਾਨਿਆਂ ਚੱਲ ਚੱਲੀਏ
ਚੱਲ ਚੱਕ ਰਵਾਬਾਂ ਚੱਲ ਚੱਲੀਏ

ਬਿੱਲੇ ਦੁੱਧ ਦੀ ਰਾਖੀ ਕਰਦੇ
ਕਿਉਂ ਗਾਵਾਂ ਤੇ ਇਤਵਾਰ ਨਹੀਂ
ਚੋਰ ਸਾਧਾ ਵਰਗੇ ਲੱਗਦੇ ਨੇ
ਇਥੇ ਕੋਈ ਕਿਸੇ ਦਾ ਯਾਰ ਨਹੀਂ
ਚਿੱਟੇ ਕੱਪੜੇ ਵਗਲ ? ਚ ਛੁਰੀਆਂ
ਏ ਸਾਡੀ ਸਰਕਾਰ ਨਹੀਂ
ਸਮਝ ਨੀ ਆਉਂਦੀ ਕਿਸ ਨੂੰ ਦੱਸੀਏ
ਇਹ ਧਰਮ ਹੈ ਕੋਈ ਵਪਾਰ ਨਹੀਂ
ਬਹੁਤ ਹੋ ਗਿਆ ਕੂੜ ਪਸਾਰਾ
ਹੁਣ ਬੰਨ ਮਾਰ ਕੇ ਚੱਲ ਠੱਲੀਏ
ਚੱਲ ਮਰਦਾਨਿਆਂ ਚੱਲ ਚੱਲੀਏ
ਚੱਲ ਚੱਕ ਰਵਾਬਾਂ ਚੱਲ ਚੱਲੀਏ

ਸੋਚਿਆ ਨਈਂ ਸੀ ਭੁੱਲ ਭੁੱਲਾ ਕੇ
ਪੁੱਤ ਮਾਵਾਂ ਨੂੰ ਮਾਰਨ ਗੇ
ਉਸ ਨੇ ਤਾਂ ਕੁਝ ਮੰਗਿਆ ਵੀ ਨਈਂ
ਹੋਰ ਕਿਸ ਦਾ ਕਰਜ ਉਤਾਰਨ ਗੇ
ਆਪ ਹੀ ਤਪਦੇ ਫਿਰਦੇ ਨੇ
ਕਿੰਝ ਭਖਿਆ ਸੀਨਾ ਠਾਰਨ ਗੇ
ਲਾਭ ਜਿਨਾਂ ਨੂੰ ਹੋਵੇ ਡਬੋ ਕੇ
ਕਿਵੇਂ ਦੱਸ ਕਿਸੇ ਨੂੰ ਤਾਰਨ ਗੇ
ਚੱਲ ਮੱਕੀ ਦੇ ਟਾਂਡੇ ਨੂੰ ਹੁਣ
ਲੈ ਚੱਲ ਪੱਟ ਕੇ ਨੀ ਛੱਲੀਏ
ਚੱਲ ਮਰਦਾਨਿਆਂ ਚੱਲ ਚੱਲੀਏ
ਚੱਲ ਚੱਕ ਰਵਾਬਾਂ ਚੱਲ ਚੱਲੀਏ

ਤੁਰ ਕੇ ਪੈਦਲ ਦੁਨੀਆਂ ਘੁੰਮੀ
ਪੈਰਾਂ ਵਿਚ ਛਾਲੇ ਪੈ ਗਏ ਸੀ
ਇੱਕੋ ਰੱਬ ਹੈ ਸਾਰੇ ਪਾਸੇ
ਸਤਗੁਰ ਨਾਨਕ ਕਹਿ ਗਏ ਸੀ
ਭਾਵੇਂ ਚਾਰ ਉਦਾਸੀਆਂ ਕੀਤੀਆਂ
ਪਰ ਅਜੇ ਨਾ ਹੋਈ ਪੂਰੀ ਏ
ਜਿਹੜੀ ਲੋਕ ਮਨਾ ਤੱਕ ਪਹੁੰਚੀ ਨਾ
ਇੱਕ ਯਾਤਰਾ ਅਜੇ ਅਧੂਰੀ ਏ
ਮਿੱਠੀ ਬਾਣੀ ਬਣ ਪਲਵਿੰਦਰੇ
ਲੂਣ ਖੋਰੀਏ ਨੀ ਡਲੀਏ
ਚੱਲ ਮਰਦਾਨਿਆਂ ਚੱਲ ਚੱਲੀਏ
ਚੱਲ ਚੱਕ ਰਵਾਬਾਂ ਚੱਲ ਚੱਲੀਏ

**ਪਲਵਿੰਦਰ ਕੌਰ**
**ਨਿਊ ਯਾਦਵਿੰਦਰਾ ਕਲੋਨੀ**
**ਪਟਿਆਲਾ ।**
**ਮੋਬਾਇਲ:**-85560 01971

## ਚੰਗੀ ਸਿਹਤ

ਜੇ ਰੱਖਣਾ ਚਿਹਰੇ ਤੇ ਨੂਰ ਸਦਾ,
ਤਾਂ ਹੱਸਿਆ ਨੱਚਿਆ ਗਾਇਆ ਕਰ ਤੂੰ।
ਮੋਟਾਪਾ ਘਰ ਬੁਲਾਉਣਾ ਨਹੀਂ ਤਾਂ,
ਜੰਕ ਫੂਡ ਨਾ ਖਾਇਆ ਕਰ ਤੂੰ।
ਨਿੰਮ ਜਾਮਣ ਦੀ ਦਾਤਨ ਕਰਕੇ,
ਦੰਦਾਂ ਨੂੰ ਚਮਕਾਇਆ ਕਰ ਤੂੰ।
ਨਿੱਤ ਸੈਰ ਸਵੇਰ ਦੀ ਕਰਕੇ,
ਕਸਰਤ ਨਾਲ ਸਿਹਤ ਬਣਾਇਆ ਕਰ ਤੂੰ।
ਹਰੀਆਂ -ਸਬਜ਼ੀਆਂ ਅੰਬ -ਜਮੋਲੇ,
ਨਿੱਤ ਬਾਜ਼ਾਰੋਂ ਲਿਆਇਆ ਕਰ ਤੂੰ।
ਨਸ਼ਿਆਂ ਦਾ ਘੁਣ ਅੰਦਰੋਂ ਖਾਵੇ,
ਨਾ ਚੰਦਨ ਦੇਹ ਨੂੰ ਲਾਇਆ ਕਰ ਤੂੰ।
ਖੇਡ ਕਬੱਡੀ ਕੁਸ਼ਤੀ ਕਰਕੇ,
ਆਲਸ ਦੂਰ ਭਜਾਇਆ ਕਰ ਤੂੰ।
ਜਲਦੀ ਉੱਠ ਕੇ ਨੀ ਪਲਵਿੰਦਰੇ,
ਯੋਗ ਦੀ ਆਦਤ ਪਾਇਆ ਕਰ ਤੂੰ।

**ਪਲਵਿੰਦਰ ਕੌਰ ਹੈੱਡ ਟੀਚਰ**
**ਮੋਬਾਇਲ:**- 8556001971

## ਰੋਡਵੇਜ਼ ਦੀ ਬੱਸ

ਆ ਗਈ ਅੱਡੇ 'ਚ ਰੋਡਵੇਜ਼ ਦੀ ਬੱਸ,
ਤੀਵੀਆਂ ਇਸ ਵਿੱਚ ਚੜ੍ਹੀਆਂ ਸੱਠ।
ਬਹੁਤੀਆਂ ਨੂੰ ਸੀਟਾਂ ਮਿਲ ਗਈਆਂ,
ਕੁੱਝ ਵਿਚਾਰੀਆਂ ਰਹਿ ਗਈਆਂ ਖੜ੍ਹੀਆਂ।
ਸਭ ਨੇ ਕਾਰਡ ਕੱਢ ਹੱਥਾਂ 'ਚ ਫੜ ਲਏ,
ਕੰਡਕਟਰ ਵੱਲ ਉਨ੍ਹਾਂ ਨੇ ਮੂੰਹ ਕਰ ਲਏ।
ਕੱਲੀ, ਕੱਲੀ ਦਾ ਕਾਰਡ ਹੱਥ ਵਿੱਚ ਲੈ ਕੇ,
ਆਪਣੀ ਕਾਰਵਾਈ ਕਰਕੇ ਅੱਗੇ ਹੋਈ ਜਾਵੇ।
ਬੱਸ ਵਿੱਚ ਮਰਦ ਸਵਾਰੀ ਬੈਠੀ ਨਾ ਕੋਈ,
ਰੋਡਵੇਜ਼ ਨੂੰ ਕੋਈ ਇਨਕਮ ਨਾ ਹੋਈ।
ਮਹਿੰਗੇ ਭਾਅ ਦਾ ਡੀਜ਼ਲ ਪੁਆ ਕੇ,
ਰੋਡਵੇਜ਼ ਨੇ ਕਿੱਥੋਂ ਇਹ ਪੈਸੇ ਕਰਨੇ ਪੂਰੇ।
ਜੇ ਕੁੱਝ ਹੋਰ ਫਰੀ ਕਰ ਦਿੱਤਾ ਸਰਕਾਰੇ,
ਤਾਂ ਫੇਰ ਰੁਕ ਜਾਣੇ ਨੇ ਬਾਕੀ ਕੰਮ ਸਾਰੇ।
ਸੰਭਲ ਜਾ ਸਰਕਾਰੇ, ਹੈ ਸੰਭਲਣ ਦਾ ਵੇਲਾ,
ਨਹੀਂ ਤਾਂ ਤੈਨੂੰ ਛੱਡਣਾ ਪੈਣਾ ਭਰਿਆ ਮੇਲਾ।

**ਮਹਿੰਦਰ ਸਿੰਘ ਮਾਨ**
**ਫੋਨ** 9915803554

## ਮੈਂ ਪਾਣੀ ਹਾਂ

ਚੋਟੀਆਂ 'ਚੋਂ ਜਦ ਆਉਂਦਾ ਹਾਂ ਮੈਂ,
ਸਭ ਦੀ ਪਿਆਸ ਬੁਝਾਉਂਦਾ ਹਾਂ ਮੈਂ
ਨਦੀਆਂ, ਸਾਗਰ, ਝੀਲ ਬਣ ਜਾਂਦਾ
ਕਦੇ ਬੂੰਦ -ਬੂੰਦ ਵਰਸਾਉਂਦਾ ਹਾਂ ਮੈਂ ।
ਹਰਿਆਵਲ ਦਾ ਮਿੱਟੀ ਨੂੰ ਜਾਮ ਪਿਲਾ ਕੇ,
ਸੁੱਕੀ ਧਰਤ ਨੂੰ ਹਸਾਉਂਦਾ ਹਾਂ ਮੈਂ,
ਹਰ ਪੱਤੇ 'ਚ ਮੇਰੀ ਰੂਹ ਹੈ ਵੱਸਦੀ,
ਕਿਸਾਨ ਦੇ ਖੇਤ ਮਹਿਕਾਉਂਦਾ ਹਾਂ ਮੈਂ।
ਜੀਵ ਸਾਰੇ ਮੁਹਤਾਜ ਨੇ ਜਲ ਦੇ,
ਮੈਥੋਂ ਬਿਨਾ ਲਾਚਾਰ ਜੇ ਲੱਗਦੇ,
ਸੰਭਾਲੋ ਮੈਨੂੰ ਨਾ ਵਿਅਰਥ ਗਵਾਓ,
ਹੱਥ ਜੋੜ ਵਾਸਤੇ ਪਾਉਂਦਾ ਹਾਂ ਮੈਂ।
ਮੇਰੇ ਨਾਲ ਹੀ ਹੈ ਜੱਗ ਸਾਰਾ,
ਆਦਿ -ਅੰਤ ਸਭ ਜਿਉਣ ਸਹਾਰਾ,
ਕਦੇ -ਕਦੇ ਤਾਂ ਸ਼ਾਂਤ ਸਾਗਰ ਹਾਂ,
ਕਦੇ ਸੁਨਾਮੀ ਲਿਆਉਂਦਾ ਹਾਂ ਮੈਂ।
ਪਲਵਿੰਦਰੇ ਜੇ ਨਾ ਸਮਝੀ ਤੂੰ ਮੇਰੀ ਕੀਮਤ,
ਤਾਂ ਇੱਕ ਦਿਨ ਕਰਨਾ ਪਊ ਪਛਤਾਉਣਾ,
ਤ੍ਰਿਸ਼ਨਾ ਰੋ- ਰੋ ਹਾਹਾਕਾਰ ਕਰੇਗੀ,
ਮਨੁੱਖਤਾ ਨੂੰ ਸੀਸ ਝੁਕਾਉਂਦਾ ਹਾਂ ਮੈਂ।

**ਪਲਵਿੰਦਰ ਕੌਰ (ਹੈਡ ਟੀਚਰ )**
**ਪਟਿਆਲਾ।**

## .ਗ਼ਜ਼ਲ

ਕਰਮਠਤਾ ਦੀ ਜੋਤ ਜਗਾਵਣ ਸ੍ਰੀ ਕ੍ਰਿਸ਼ਨ ਭਗਵਾਨ।
ਗੀਤਾ ਦਾ ਉਪਦੇਸ਼ ਸੁਣਾਵਣ ਸ੍ਰੀ ਕ੍ਰਿਸ਼ਨ ਭਗਵਾਨ।
ਮਾਨਵਤਾ ਵਿਚ ਸ਼ਕਤੀ ਭਗਤੀ ਸੰਜਮ ਉਦਮ ਲੈਕੇ,
ਯੁੱਗ ਯੁਗਾਂ ਤਕ ਆਵਣ ਜਾਵਣ ਸ੍ਰੀ ਕ੍ਰਿਸ਼ਨ ਭਗਵਾਨ।
ਸ਼ੁੱਭ ਇਛਾਵਾਂ ਅੰਦਰ ਰਹਿਮਤ ਵਾਲੀ ਇੱਕ ਅਹੂਤੀ,
ਘਰ ਘਰ ਦੀ ਉਨਤੀ ਵਿਚ ਪਾਵਣ ਸ੍ਰੀ ਕ੍ਰਿਸ਼ਨ ਭਗਵਾਨ।
ਭਾਰਤ ਦੇਸ਼ ਪਿਆਰਾ ਲਗਦਾ ਸਭ ਤੋਂ ਵਧ ਨਿਆਰਾ,
ਬਾਂਸੁਰੀ ਦੇ ਹਰ ਸੁਰ ਵਿਚ ਗਾਵਣ ਸ੍ਰੀ ਕ੍ਰਿਸ਼ਨ ਭਗਵਾਨ।
ਵੱਖ-ਵੱਖ ਫੁੱਲਾਂ ਦਾ ਗੁਲਦਸਤਾ ਸੋਹਣਾ ਲਗਦਾ, ਜਚਦਾ,
ਏਕੇ ਦਾ ਸ਼ੁਧ ਪਾਠ ਪੜ੍ਹਾਵਣ ਸ੍ਰੀ ਕ੍ਰਿਸ਼ਨ ਭਗਵਾਨ।
ਉਸ ਦੇ ਇਕ ਆਕਾਰ 'ਚ ਸਾਰੀ ਕਾਏਨਾਤ ਸਰਿਸ਼ਟੀ,
ਓਮ ਸ਼ਿਰੀ ਦੇ ਅਰਥ ਸਿਖਾਵਣ ਸ਼ ?ਰੀ ਕ੍ਰਿਸ਼ਨ ਭਗਵਾਨ।
ਅਪਣੇ ਇਕ ਸੁਦਰਸ਼ਨ ਚੱਕਰ ਨਾਲ ਕਰਨ ਇੰਨਸਾਫ਼,
ਆਪੇ ਜਿੱਤਣ ਆਪੇ ਹਾਰਣ ਸ੍ਰੀ ਕ੍ਰਿਸ਼ਨ ਭਗਵਾਨ।
ਸ਼ਸ਼ਤਰ ਵਿਦਿਆ ਸ਼ਾਸ਼ਤਰ ਵਿਦਿਆ ਗਿਆਨ ਅਤੇ ਵਿਗਿਆਨ,
ਭਾਰਤ ਦੇ ਸਿਰ ਮੁਕਟ ਸਜਾਵਟ ਸ੍ਰੀ ਕ੍ਰਿਸ਼ਨ ਭਗਵਾਨ,
'ਬਾਲਮ' ਜਾਤੀ ਧਰਮ ਮਿਟਾ ਕੇ ਯਾਰ ਸੁਦਾਮਾ ਪਾ ਕੇ,
ਤਾਂ ਹੀ ਖੁਦ ਭਗਵਾਨ ਕਹਾਵਣ ਸ੍ਰੀ ਕ੍ਰਿਸ਼ਨ ਭਗਵਾਨ।

**ਬਲਵਿੰਦਰ ਬਾਲਮ ਗੁਰਦਾਸਪੁਰ**
ਮੋ. 98156-25409

## ਰੋਟੀ

ਜਿਹੜੇ ਘਰ ਵਿੱਚ ਰੋਟੀ ਗਿਣਕੇ ਪੱਕਦੀ ਏ
ਸੱਚ ਜਾਣਿਓ ਬਰਕਤ ਦਰ ਤੋਂ ਨੱਸਦੀ ਏ
ਰੋਟੀ ਪਿੱਛੇ ਲੜਦਾ ਬੰਦਾ ਰੋਟੀ ਪਿੱਛੇ ਮਰਦਾ
ਰੋਟੀ ਖਾਤਰ ਹੱਡ ਭੰਨਕੇ ਮਿਹਨਤ ਕਰਦਾ
ਕਈ ਜਾ ਬੈਠੇ ਪ੍ਰਦੇਸ ਛੱਡਕੇ ਆਪਣਾ ਦੇਸ
ਕਈ ਮੁੱਕਦੇ ਮੁੱਕਦੇ ਮੁੱਕ ਚੱਲੇ ਨਾ ਚੱਲੀ ਪੇਸ
ਕੋਈ ਦਾਣੇ ਦਾਣੇ ਨੂੰ ਤਰਸ ਰਿਹਾ ਤੇ ਤੜਫ ਰਿਹਾ
ਕੋਈ ਰੋਟੀ ਖਾਤਰ ਮਜਲੂਮਾਂ ਉੱਤੇ ਬਰਸ ਰਿਹਾ
ਕਈ ਖਾਤਰ ਰੋਟੀ ਮੁੱਕ ਚੱਲੇ ਤੇ ਸੁੱਕ ਚੱਲੇ
ਤਕੜੇ ਬੰਦੇ ਗਰੀਬ ਦੀ ਰੋਟੀ ਟੁੱਕ ਚੱਲੇ
ਜਿਹੋ ਜਿਹੀ ਰੋਟੀ ਮਿਲਦੀ ਬੰਦਿਆ ਖਾਈ ਜਾ
'ਕਲੇਰ' ਅੱਲ੍ਹਾ ਦੇ ਗੁਣ ਗਾ ਕੇ ਸੁਕਰ ਮਨਾਈ ਜਾ।

**ਹੰਸ ਕਲੇਰ ਦੁਗਾਲ**
9878946038

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 313

Website: www.preetnama.com Email preetnamausa@gmail.com

25 JULY TO 31 JULY ,2025





# Preetnama

# ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 313 | Website: www.preetnama.com Email preetnamausa@gmail.com | 25 JULY TO 31 JULY ,2025



No body have time to watch TV Advertisement
No body have time to read Physical newspapers

## It's social time.

Online News, Advertisement, Promotion Anytime anywhere.

**Doesn't matter where are you.**

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

**Contact immediately**

+1 201-312-4180,+1 917-328-8436

www.preetnama.com, www.preetnews.com
Email- preetnamausa@gmail.com